ਵੀਰਵਾਰ

dailylokbani

Email : lokbani08@gmail.com

ਰੋਜ਼ਾਨਾ ਲੋਕ ਬਾਣੀ ਸੱਚ ਤੇ ਨਿਡਰ ਆਵਾਜ਼

ਵੀਰਵਾਰ, 07 ਅਪ੍ਰੈਲ 2022

# ਸਪੈਸ਼ਲ

## Heat Stroke Prevention Tips :

# ਕਿਹੜੇ ਲੋਕਾਂ ਨੂੰ ਹੀਟ ਸਟ੍ਰੋਕ ਦਾ ਖਤਰਾ ਹੁੰਦੈ ਜ਼ਿਆਦਾ



## ਇਸ ਤੋਂ ਬਚਣ ਲਈ ਕੀ ਕਰਨਾ ਚਾਹੀਦੈ ?

ਤੁਸੀਂ ਕਈ ਵਾਰ ਸੁਣਿਆ ਹੋਵੇਗਾ ਕਿ ਸਰਦੀ ਦਾ ਮੌਸਮ ਦਿਲ ਦੇ ਰੋਗੀਆਂ ਲਈ ਬੁਰਾ ਸਾਬਤ ਹੁੰਦਾ ਹੈ, ਕਿਉਂਕਿ ਇਸ ਮੌਸਮ @ਚ ਦਿਲ ਨਾਲ ਜੁੜੀਆਂ ਜ਼ਿਆਦਾਤਰ ਸਮੱਸਿਆਵਾਂ ਦੇਖਣ ਨੂੰ ਮਿਲਦੀਆਂ ਹਨ।

ਤੁਸੀਂ ਕਈ ਵਾਰ ਸੁਣਿਆ ਹੋਵੇਗਾ ਕਿ ਸਰਦੀ ਦਾ ਮੌਸਮ ਦਿਲ ਦੇ ਰੋਗੀਆਂ ਲਈ ਬੁਰਾ ਸਾਬਤ ਹੁੰਦਾ ਹੈ, ਕਿਉਂਕਿ ਇਸ ਮੌਸਮ @ਚ ਦਿਲ ਨਾਲ ਜੁੜੀਆਂ ਜ਼ਿਆਦਾਤਰ ਸਮੱਸਿਆਵਾਂ ਦੇਖਣ ਨੂੰ ਮਿਲਦੀਆਂ ਹਨ। ਹਾਲਾਂਕਿ ਅੱਤ ਦੀ ਠੰਡ ਹੀ ਨਹੀਂ ਸਗੋਂ ਅੱਤ ਦੀ ਗਰਮੀ ਵੀ ਦਿਲ ਦੇ ਦੌਰੇ ਦਾ ਖਤਰਾ ਵਧਾ ਦਿੰਦੀ ਹੈ। ਦਰਅਸਲ, ਇੱਕ ਅਧਿਐਨ ਦੇ ਅਨੁਸਾਰ, ਮੌਸਮ ਵਿੱਚ ਅਚਾਨਕ ਬਦਲਾਅ ਦਿਲ ਦੇ ਦੌਰੇ ਦਾ ਖ਼ਤਰਾ ਵਧਾ ਦਿੰਦਾ ਹੈ।

ਗਰਮੀ ਦਾ ਦੌਰਾ ਕਿਵੇਂ ਆਉਂਦਾ ਹੈ ?

ਇਸ ਸਾਲ ਗਰਮੀਆਂ ਦਾ ਮੌਸਮ ਥੋੜ੍ਹਾ ਜਲਦੀ ਆ ਗਿਆ ਹੈ। ਇੰਨਾ ਹੀ ਨਹੀਂ ਗਰਮੀਆਂ ਦਾ ਤਾਪਮਾਨ ਵੀ ਤੇਜ਼ੀ ਨਾਲ ਵਧ ਰਿਹਾ ਹੈ। ਇਹ ਅਚਾਨਕ ਪੈ ਰਹੀ ਗਰਮੀ ਦਿਲ ਦੇ ਰੋਗੀਆਂ ਦੀਆਂ ਸਮੱਸਿਆਵਾਂ ਨੂੰ ਵਧਾ ਸਕਦੀ ਹੈ। ਦਿਲ ਦੀ ਬਿਮਾਰੀ ਵਾਲੇ ਲੋਕਾਂ ਨੂੰ ਹੀਟ ਸਟ੍ਰੋਕ ਦਾ ਵਧੇਰੇ ਖ਼ਤਰਾ ਹੁੰਦਾ ਹੈ, ਜੋ ਕਿ ਇੱਕ ਹੋਰ ਗੰਭੀਰ ਸਥਿਤੀ ਹੈ। ਗਰਮੀਆਂ ਦੇ ਮੌਸਮ ਵਿੱਚ ਸਾਡੇ ਸਰੀਰ ਦਾ ਤਾਪਮਾਨ ਵੱਧ ਜਾਂਦਾ ਹੈ, ਜਦੋਂ ਅਸੀਂ ਗਰਮ ਤਾਪਮਾਨ ਵਾਲੇ ਖੇਤਰ ਵਿੱਚ ਜਾਂਦੇ ਹਾਂ। ਤੁਹਾਡਾ ਦਿਲ ਤੇਜ਼ ਧੜਕਦਾ ਹੈ ਅਤੇ ਖ਼ੂਨ ਨੂੰ ਪੰਪ ਕਰਨ ਲਈ ਸਖ਼ਤ ਮਿਹਨਤ ਕਰਦਾ ਹੈ ਤਾਂ ਜੋ ਤੁਹਾਡੀ ਚਮੜੀ ਦੀ ਸਤਹ ਪਸੀਨਾ ਆਵੇ, ਸਰੀਰ ਨੂੰ ਠੰਡਾ ਕਰ ਸਕੇ। ਜੇ ਤੁਹਾਡਾ ਸਰੀਰ ਆਪਣੇ ਆਪ ਨੂੰ ਠੰਡਾ ਨਹੀਂ ਕਰ ਸਕਦਾ, ਤਾਂ ਸਾਰਾ ਦਬਾਅ ਦਿਲ ਅਤੇ ਹੋਰ ਅੰਗਾਂ @ਤੇ ਜਾਂਦਾ ਹੈ, ਜਿਸ ਨਾਲ ਉਹਨਾਂ ਨੂੰ ਨੁਕਸਾਨ ਹੁੰਦਾ ਹੈ - ਇੱਕ ਸੰਭਾਵੀ ਘਾਤਕ ਸਥਿਤੀ ਜਿਸ ਨੂੰ ਹੀਟ ਸਟ੍ਰੋਕ ਕਿਹਾ ਜਾਂਦਾ ਹੈ।

ਹੀਟ ਸਟ੍ਰੋਕ ਦਾ ਖ਼ਤਰਾ ਕਿਸ ਨੂੰ ਜ਼ਿਆਦਾ ਹੈ ?

ਹਾਲਾਂਕਿ ਕੋਈ ਵੀ ਵਿਅਕਤੀ ਹੀਟ ਸਟ੍ਰੋਕ ਤੋਂ ਪੀੜਤ ਹੋ ਸਕਦਾ ਹੈ, ਜਿਨ੍ਹਾਂ ਲੋਕਾਂ ਨੂੰ ਦਿਲ ਦੀ ਬਿਮਾਰੀ ਹੈ ਜਾਂ ਹੋਰ ਦਿਲ ਦੀਆਂ ਬਿਮਾਰੀਆਂ ਦੇ ਉੱਚ ਖਤਰੇ ਵਿੱਚ ਹਨ, ਉਹਨਾਂ ਨੂੰ ਵੀ ਹੀਟ ਸਟ੍ਰੋਕ ਦਾ ਵੱਧ ਖ਼ਤਰਾ ਹੁੰਦਾ ਹੈ।

ਦਿਲ ਦੇ ਰੋਗੀਆਂ ਲਈ ਕਿਵੇਂ ਖਤਰਨਾਕ ਸਾਬਤ ਹੁੰਦਾ ਹੈ ਪਸੀਨਾ ?

ਜਦੋਂ ਗਰਮੀ ਜ਼ਿਆਦਾ ਹੁੰਦੀ ਹੈ, ਤਾਂ ਅਸੀਂ ਸਾਰੇ ਪਸੀਨਾ ਵਹਾਉਂਦੇ ਹਾਂ, ਜੋ ਸਰੀਰ ਦੀ ਗਰਮੀ ਦੇ ਵਿਰੁੱਧ ਇੱਕ ਕੁਦਰਤੀ ਪ੍ਰਤੀਕ੍ਰਿਆ ਹੈ। ਪਰ ਇਹੀ ਗੱਲ ਦਿਲ ਦੇ ਰੋਗੀਆਂ ਲਈ ਖਤਰਨਾਕ ਸਾਬਤ ਹੋ ਸਕਦੀ ਹੈ। ਪਸੀਨਾ ਆਉਣ ਨਾਲ ਨਾ ਸਿਰਫ ਸਰੀਰ @ਚੋਂ ਪਾਣੀ ਘੱਟ ਜਾਂਦਾ ਹੈ, ਸਗੋਂ ਜ਼ਰੂਰੀ ਖਣਿਜ ਵੀ ਨਿਕਲ ਜਾਂਦੇ ਹਨ, ਜਿਸ ਨਾਲ ਦਿਲ @ਤੇ ਜ਼ਿਆਦਾ ਦਬਾਅ ਪੈਂਦਾ ਹੈ।

1. ਜ਼ਿਆਦਾ ਪਾਣੀ ਪੀਓ

ਮਾਹਿਰਾਂ ਦੀ ਸਲਾਹ ਹੈ ਕਿ ਦਿਲ ਦੇ ਰੋਗੀਆਂ ਨੂੰ ਆਪਣੇ ਡਾਕਟਰ ਦੁਆਰਾ ਦੱਸੀਆਂ ਦਵਾਈਆਂ ਲੈਣਾ ਜਾਰੀ ਰੱਖਣਾ ਚਾਹੀਦਾ ਹੈ। ਨਾਲ ਹੀ ਵੱਧ ਤੋਂ ਵੱਧ ਪਾਣੀ ਪੀਓ।

2. ਦਿਨ ਵੇਲੇ ਬਾਹਰ ਨਾ ਜਾਓ

ਸ਼ਾਮ ਨੂੰ 12 ਤੋਂ 4 ਵਜੇ ਤਕ ਗਰਮੀਆਂ ਦਾ ਤਾਪਮਾਨ ਬਹੁਤ ਜ਼ਿਆਦਾ ਰਹਿੰਦਾ ਹੈ, ਇਸ ਲਈ ਇਸ ਸਮੇਂ ਘਰ ਜਾਂ ਦਫਤਰ ਦੇ ਅੰਦਰ ਰਹਿਣ ਦੀ ਕੋਸ਼ਿਸ਼ ਕਰੋ।

## ਫਿਰ ਨਾ ਕਿਹੋ ਕੇ ਦੱਸਿਆ ਨ੍ਹੀਂ

ਸਮਝ ਕੇ ਮੈਨੂੰ ਭੋਲੀ ਭਾਲੀ
ਸ਼ਾਮਤ ਕੀਤੇ ਬੁਲਾ ਲਿਓ ਨਾ
ਮੱਖੀਆਂ ਦੇ ਛੱਤੇ ਵਰਗੀ ਨੂੰ
ਭੁੱਲ ਕੇ ਵੀ ਹੱਥ ਪਾ ਲਿਓ ਨਾ

ਨਾ ਖੰਡ ਮਿਸ਼ਰੀ ਨਾ ਖੰਡ ਵਰਗੀ
ਐਵੇਂ ਮਨ ਲਲਚਾ ਲਿਓ ਨਾ
ਲਾਲ ਮਿਰਚ ਤੋਂ ਬੁਰਾ ਹਾਲ ਕਰੂੰ
ਮਾੜੀ ਨਜ਼ਰ ਟਿਕਾ ਲਿਓ ਨਾ

ਅੱਖ ਵੀ ਸੋਚ ਸਮਝ ਕੇ ਚੁੱਕਿਓ
ਰੋਕ ਕਿੱਤੇ ਮੇਰਾ ਰਾਹ ਲਿਓ ਨਾ
ਮੈਨੂੰ ਥੋਡੇ ਵਰਗੇ ਨਿੱਤ ਟੱਕਰਦੇ
ਗਾਟਾ ਕਿਤੇ ਵੱਡਾ ਲਿਓ ਨਾ

ਵੀਰਪਾਲ ਕੌਰ ਭੱਠਲ਼ ਮੈਂ
ਕੱਲੀ ਵੇਖ ਤੱਕਾ ਲਿਓ ਨਾ
ਦਬਕਾ ਨਹੀਂ ਸਿੱਧਾ ਜਾਨੂੰ ਮਾਰੂ
ਕਿਤੇ ਸਿਰ ਤੋਂ ਚੁੰਨੀ ਲਾਹ ਲਿਓ ਨਾ



ਵੀਰਪਾਲ ਕੌਰ ਭੱਠਲ਼

## ਅੰਬੀਆਂ ’ਤੇ ਪੰਛੀ ਆਏ,



ਗੱਲਾਂ ਕਰਨ ਮਿੱਠੀਆਂ - ਮਿੱਠੀਆਂ ,
ਮਿੱਠੇ - ਮਿੱਠੇ ਅੰਬ ਖਾਣ ,
ਕਹਿੰਦੇ ‘ਕਿੱਧਰ ਗਈਆਂ ਚਿੱਠੀਆਂ’ ?

ਅੰਬੀਆਂ ’ਤੇ ਪੰਛੀ ਆਏ ,
ਗੱਲਾਂ ਕਰਨ ਮਿੱਠੀਆਂ - ਮਿੱਠੀਆਂ ।



ਭੁਪਿੰਦਰ ਸਿੰਘ
ਜਮਾਤ - ਪੰਜਵੀਂ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ : ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਜਮਾਤ ਇੰਚਾਰਜ ਅਤੇ ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ

ਜੇਕਰ ਨਹੀਂ ਸੁਣ ਰਿਹਾ ਸਰਕਾਰੀ ਗੈਰਸਰਕਾਰੀ ਦਫਤਰ ਵਿੱਚ ਤੁਹਾਡੀ ਜਾਂ ਹੋ ਚੁੱਕੇ ਹੋ
ਠੱਗੀ ਦਾ ਸ਼ਿਕਾਰ
ਕਰੋ ਇਕ ਫੋਨ ਸਾਡੇ ਪੱਤਰਕਾਰ ਤੁਹਾਡੀ ਪਰੇਸ਼ਾਨੀ ਪਹੁੰਚਾਉਣਗੇ ਉਚ ਅਧਿਕਾਰੀਆਂ ਤੇ ਪ੍ਰਸ਼ਾਸਨ ਤੱਕ ਟੋਲ ਫਰੀ ਨੰ:-
0181-2211009



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com | ਵੀਰਵਾਰ, 07 ਅਪ੍ਰੈਲ 2022 | ਮੁੱਖ ਸੰਪਾਦਕ :- ਅਮਨ ਮਹਿਰਾ (ਜਲੰਧਰ)



ਇਸ਼ਤਿਹਾਰ ਲਵਾਓ ਵਪਾਰ ਵਧਾਓ
ਰੋਜਾਨਾ ਲੋਕ ਬਾਣੀ
ਅਖਬਾਰ ਵਿਚ ਸੰਪਰਕ ਕਰੋ
0181-2211009
Newslokbani@gmail.com



R.N.I. Punpun/29016/2008 ✲ ਸਾਲ : 14 ✲ ਅੰਕ : 394 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111




## ਅਮਰਨਾਥ ਜਾਣ ਵਾਲੇ ਯਾਤਰੀਆਂ ਲਈ ਖੁਸ਼ਖਬਰੀ

ਜਲੰਧਰ/ਰਾਕੇਸ਼ ਵਰਮਾ

ਬਾਬਾ ਬਰਫ਼ਾਨੀ ਦੇ ਦਰਸ਼ਨਾਂ ਦੀ ਇੱਛਾ ਰੱਖਣ ਵਾਲੇ ਸ਼ਰਧਾਲੂਆਂ ਲਈ ਖ਼ੁਸ਼ਖ਼ਬਰੀ ਹੈ। ਪਿਛਲੇ ਦੋ ਸਾਲਾਂ ਤੋਂ ਬੰਦ ਪਈ ਅਮਰਨਾਥ ਯਾਤਰਾ 30 ਜੂਨ ਤੋਂ ਸ਼ੁਰੂ ਹੋਣ ਜਾ ਰਹੀ ਹੈ। ਇਸ ਦੇ ਲਈ ਸ਼ਰਧਾਲੂ 11 ਅਪ੍ਰੈਲ ਤੋਂ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਸ੍ਰੀ ਅਮਰਨਾਥ ਸ਼ਰਾਈਨ ਬੋਰਡ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ।

# ਕੋਰੋਨਾ ਵੈਕਸੀਨ ਦੀ ਬੂਸਟਰ ਡੋਜ਼ ਜ਼ਰੂਰੀ ਹੈ ਓਮੀਕੋਰੋਨਾ ਨਾਲ ਮੁਕਾਬਲੇ ਲਈ




**ਦਿੱਲੀ/ਕਪੂਰ:** ਕੋਰੋਨਵਾਇਰਸ ਦੇ ਓਮੀਕ੍ਰੋਨ ਵੈਰੀਐਂਟ ਦੇ ਮਾਮਲੇ ਵਿੱਚ ਕੋਵੀਸ਼ੀਲਡ, ਕੋਵੈਕਸੀਨ, ਅਤੇ ਦੋਵਾਂ ਦੇ ਸੁਮੇਲ ਨੂੰ ਲੈਣ ਵਾਲੇ ਲੋਕਾਂ ਵਿੱਚ ਛੇ ਮਹੀਨਿਆਂ ਬਾਅਦ ਐਂਟੀਬਾਡੀ ਦਾ ਪੱਧਰ ਘਟਣਾ ਸ਼ੁਰੂ ਹੋ ਜਾਂਦਾ ਹੈ। ਨੈਸ਼ਨਲ ਇੰਸਟੀਚਿਊਟ ਆਫ ਵਾਇਰੋਲੋਜੀ (NIV), ਪੁਣੇ ਦੇ ਅਧਿਐਨ ਨੇ ਇਹ ਸੰਕੇਤ ਦਿੱਤਾ ਹੈ।

ਐਨਆਈਵੀ ਦੇ ਵਿਗਿਆਨੀ ਡਾ: ਪ੍ਰਗਿਆ ਯਾਦਵ ਨੇ ਦੱਸਿਆ ਕਿ ਡੈਲਟਾ ਅਤੇ ਹੋਰ ਚਿੰਤਾਜਨਕ ਰੂਪਾਂ ਦੇ ਮਾਮਲੇ ਵਿੱਚ ਪਹਿਲੀ ਖੁਰਾਕ ਵਿੱਚ ਕੋਵਿਸ਼ੀਲਡ ਅਤੇ ਦੂਜੀ ਖੁਰਾਕ ਵਿੱਚ ਕੋਵੈਕਸੀਨ ਦੇਣ ਨਾਲ ਚੰਗੇ ਨਤੀਜੇ ਮਿਲੇ ਹਨ। ਅਧਿਐਨ ਦੇ ਨਤੀਜੇ ਜਰਨਲ ਆਫ ਟਰੈਵਲ ਮੈਡੀਸਨ ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ।

### ਟੀਕਾਕਰਨ ਦੀ ਰਣਨੀਤੀ ਬਦਲਣ ਦੀ ਲੋੜ

ਅਧਿਐਨ ਦੇ ਤਹਿਤ, ਟੀਕੇ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਤਿੰਨ ਸ਼੍ਰੇਣੀਆਂ ਵਿੱਚ ਕੀਤਾ ਗਿਆ ਸੀ ਅਤੇ ਟਰਾਈਲ ਅਧੀਨ ਸਾਰੇ ਲੋਕਾਂ ਦੀ ਨੇੜਿਓਂ ਨਿਗਰਾਨੀ ਕੀਤੀ ਗਈ। ਅਧਿਐਨ ਨੇ ਦਿਖਾਇਆ ਕਿ ਓਮੀਕ੍ਰੋਨ ਦੇ ਮਾਮਲੇ ਵਿੱਚ ਛੇ ਮਹੀਨਿਆਂ ਬਾਅਦ ਟੀਕਾਕਰਨ ਤੋਂ ਬਾਅਦ ਪ੍ਰਤੀਰੋਧਕ ਸ਼ਕਤੀ ਕਮਜ਼ੋਰ ਹੋਣ ਲੱਗੀ। ਇਸ ਨਾਲ ਟੀਕਾਕਰਨ ਰਣਨੀਤੀ ਵਿੱਚ ਤਬਦੀਲੀ ਦੀ ਲੋੜ ਹੋ ਸਕਦੀ ਹੈ। ਦੂਜੇ ਪਾਸੇ ਅੱਜ ਮਾਰੂ ਕੋਰੋਨਾ ਵਾਇਰਸ ਦੇ ਨਵੇਂ ਮਾਮਲਿਆਂ ਨਾਲ ਮੌਤਾਂ ਦੀ ਗਿਣਤੀ @ਚ ਮਾਮੂਲੀ ਵਾਧਾ ਦਰਜ ਕੀਤਾ ਗਿਆ। ਪਿਛਲੇ 24 ਘੰਟਿਆਂ ਵਿੱਚ ਦੇਸ਼ ਵਿੱਚ ਕੋਰੋਨਾ ਵਾਇਰਸ ਦੇ 1260 ਨਵੇਂ ਮਾਮਲੇ ਸਾਹਮਣੇ ਆਏ ਹਨ ਅਤੇ 83 ਲੋਕਾਂ ਦੀ ਮੌਤ ਹੋ ਗਈ ਹੈ। ਕੱਲ੍ਹ ਕੋਰੋਨਾ ਦੇ 1335 ਮਾਮਲੇ ਦਰਜ ਕੀਤੇ ਗਏ ਸੀ ਅਤੇ 52 ਲੋਕਾਂ ਦੀ ਮੌਤ ਹੋ ਗਈ ਸੀ। ਜਾਣੋ ਦੇਸ਼ @ਚ ਕੋਰੋਨਾ ਦੀ ਤਾਜ਼ਾ ਸਥਿਤੀ ਕੀ ਹੈ।



## ਰੂਸ ਨੇ ਯੁੱਧ ਦੌਰਾਨ ਯੂਕਰੇਨ ਦੇ ਵੱਡੀ ਗਿਣਤੀ ਵਿੱਚ ਨਾਗਰਿਕ ਮਾਰੇ

**ਯੂਕਰੇਨ/ਲੋਕ ਬਾਣੀ**

ਰੂਸ ਜੰਗ 40 ਦਿਨਾਂ ਬਾਅਦ ਵੀ ਜਾਰੀ ਹੈ। ਰੂਸੀ ਫ਼ੌਜ ਯੂਕਰੇਨ ਦੀ ਰਾਜਧਾਨੀ ਕੀਵ @ਤੇ ਕਬਜ਼ਾ ਨਹੀਂ ਕਰ ਸਕੀ, ਪਰ ਸ਼ਹਿਰ ਛੱਡਣ ਤੋਂ ਪਹਿਲਾਂ ਤਬਾਹੀ ਮਚਾ ਦਿੱਤੀ। ਯੂਕਰੇਨ ਦੇ ਪ੍ਰੌਸੀਕਿਊਟਰ-ਜਨਰਲ ਨੇ ਦਾਅਵਾ ਕੀਤਾ ਹੈ ਕਿ ਕੀਵ ਖੇਤਰ ਤੋਂ 410 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਰਾਸ਼ਟਰਪਤੀ ਜ਼ੇਲੈਂਸਕੀ ਨੇ ਰੂਸੀ ਫੌਜ @ਤੇ ਕਤਲੇਆਮ ਦਾ ਦੋਸ਼ ਲਗਾਇਆ ਹੈ। ਬੁਚਾ ਵਿੱਚ ਸਮੂਹਿਕ ਕਬਰਾਂ ਮਿਲਣ ਤੋਂ ਬਾਅਦ ਰਾਸ਼ਟਰਪਤੀ ਜ਼ੇਲੇਨਸਕੀ ਨੇ ਰੂਸੀ 'ਯੁੱਧ ਅਪਰਾਧ' ਨੂੰ ਖਤਮ ਕਰਨ ਦੀ ਮੰਗ ਕੀਤੀ।

## ਦੇਸ਼ ਵਿੱਚ ਕੋਰੋਨਾ ਐਕਸਈ ਨੇ ਕੀਤੀ ਐਂਟਰੀ




**ਮੁੰਬਈ/ਲੋਕ ਬਾਣੀ**

ਭਾਰਤ ਵਿੱਚ ਵੱਧ ਫੈਲਣ ਵਾਲੀ ਕਰੋਨਾ ਦੀ ਨਵੀਂ ਕਿਸਮ 'ਐਕਸਈ' ਦਾ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਮੁੰਬਈ ਦਾ ਹੈ। ਬ੍ਰਿਹਨਮੁੰਬਈ ਮਿਉਂਸਿਪਲ ਕਾਰਪੋਰੇਸ਼ਨ (ਬੀਐੱਮਸੀ) ਦੇ ਅਧਿਕਾਰੀਆਂ ਨੇ ਦੱਸਿਆ ਕਿ ਫਰਵਰੀ ਵਿੱਚ ਦੱਖਣੀ ਅਫਰੀਕਾ ਤੋਂ ਆਈ ਇੱਕ ਔਰਤ ਵਿੱਚ ਓਮੀਕਰੋਨ ਦਾ ਇਹ ਸਬ-ਵੈਰੀਏਂਟ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਸ ਵਿੱਚ ਇਸ ਬਿਮਾਰੀ ਸਬੰਧੀ ਕੋਈ ਲੱਛਣ ਨਜ਼ਰ ਨਹੀਂ ਆਇਆ ਅਤੇ ਉਹ ਇਸ ਲਾਗ ਤੋਂ ਉਭਰ ਚੁੱਕੀ ਸੀ। ਬੀਐੱਮਸੀ ਮੁਤਾਬਕ, ਮੁੰਬਈ ਵਿੱਚ 230 ਮਰੀਜ਼ਾਂ ਦੀ ਜਾਂਚ ਕੀਤੀ ਗਈ।

## ਪੀੜ੍ਹਤ ਪਰਿਵਾਰ ਤੇ ਸਿੱਖ ਜਥੇਬੰਦੀਆਂ ਨੇ ਨੈਸ਼ਨਲ ਹਾਈਵੇਅ ਕੀਤਾ ਜਾਮ

**ਚੰਡੀਗੜ੍ਹ/ਵਿਨੋਦ ਸ਼ਰਮਾ:-** ਬਹਿਬਲ ਗੋਲੀ ਕਾਂਡ ਵਿੱਚ ਨਾਮਜ਼ਦ ਮੁਲਜ਼ਮਾਂ ਖ਼ਿਲਾਫ਼ ਜਲਦ ਕਾਰਵਾਈ ਦੀ ਮੰਗ ਲਈ ਪੀੜਤ ਪਰਿਵਾਰ ਅਤੇ ਕੁਝ ਸਿੱਖ ਜਥੇਬੰਦੀਆਂ ਨੇ ਨੈਸ਼ਨਲ ਹਾਈਵੇਅ ਨੰਬਰ-54 ਅੱਜ ਜਾਮ ਕਰ ਦਿੱਤਾ।




ਧਰਨਾਕਾਰੀ ਹਾਈਵੇਅ ਦੇ ਇਕ ਹਿੱਸੇ ਉੱਪਰ ਟੈਂਟ ਲਾ ਕੇ ਧਰਨੇ 'ਤੇ ਬੈਠ ਗਏ ਹਨ। ਰੋਸ ਧਰਨੇ ਵਿੱਚ ਪੀੜਤ ਪਰਿਵਾਰ, ਸਿੱਖ ਜਥੇਬੰਦੀਆਂ ਤੋਂ ਇਲਾਵਾ ਫ਼ਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਸਾਬਕਾ ਕਾਂਗਰਸੀ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਸ਼ਾਮਲ ਹੋਏ।

## ਰੂਸ-ਯੂਕਰੇਨ ਜੰਗ 'ਚ ਹੁਣ ਤੱਕ 1417 ਨਾਗਰਿਕਾਂ ਦੀ ਮੌਤ, 2000 ਤੋਂ ਵੱਧ ਜ਼ਖਮੀ

**ਰੂਸ/ਲੋਕ ਬਾਣੀ**

ਯੂਕਰੇਨ ਯੁੱਧ ਨੂੰ ਇੱਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਇਸ ਜੰਗ ਵਿੱਚ ਹੁਣ ਤੱਕ ਸੈਂਕੜੇ ਸੈਨਿਕਾਂ ਤੇ ਬੇਕਸੂਰ ਨਾਗਰਿਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਏਜੰਸੀ ਮੁਤਾਬਕ, ਹੁਣ ਤੱਕ ਯੂਕਰੇਨ ਵਿੱਚ 1,417 ਨਾਗਰਿਕ ਮਾਰੇ ਗਏ ਹਨ ਤੇ 2,038 ਜ਼ਖਮੀ ਹੋਏ ਹਨ। ਮਾਰੀਉਪੋਲ ਤੇ ਇਰਪਿਨ ਤੋਂ ਅਜੇ ਕੋਈ ਅੰਕੜਾ ਸਾਹਮਣੇ ਨਹੀਂ ਆਇਆ। ਸੰਯੁਕਤ ਰਾਸ਼ਟਰ ਏਜੰਸੀ ਦਾ ਮੰਨਣਾ ਹੈ ਕਿ ਮਰੀਉਪੋਲ, ਇਰਪਿਨ, ਇਜ਼ੀਅਮ ਅਤੇ ਵੋਲਨੋਵਾਕਾ ਵਿੱਚ ਇਹ ਅੰਕੜਾ ਵੱਧ ਹੋ ਸਕਦਾ ਹੈ। ਰੂਸ ਦੇ ਜਾਣ ਤੋਂ ਬਾਅਦ ਕੀਵ ਓਬਲਾਸਟ ਤੋਂ 410 ਨਾਗਰਿਕਾਂ ਦੀਆਂ ਲਾਸ਼ਾਂ ਕੱਢੀਆਂ ਗਈਆਂ। ਇਸ ਦੇ ਨਾਲ ਹੀ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਮਾਰੀਉਪੋਲ 'ਚ ਕਰੀਬ 1.5 ਲੱਖ ਲੋਕ ਫਸੇ ਹੋਏ ਹਨ।



## ਪਟਿਆਲਾ ਵਿੱਚ ਦੋ ਵਾਰਦਾਤਾਂ 2 ਦੀ ਮੌਤ

ਪਟਿਆਲਾ/ਇਕਬਾਲ ਸਿੰਘ

ਇਥੇ ਵੱਖ ਵੱਖ ਵਾਰਦਾਤਾਂ ਵਿੱਚ ਦੋ ਨੌਜਵਾਨਾਂ ਦੀ ਹੱਤਿਆ ਕਰ ਦਿੱਤੀ ਗਈ ਹੈ। ਨੇੜਲੇ ਪਿੰਡ ਦੌਣਕਲਾਂ ਦੇ 35 ਸਾਲਾ ਧਰਮਿੰਦਰ ਸਿੰਘ ਭਿੰਦਾ ਪੁੱਤਰ ਧਨੰਤਰ ਸਿੰਘ ਨੂੰ ਲੰਘੀ ਰਾਤ ਗਿਆਰਾਂ ਵਜੇ ਪੰਜਾਬੀ ਯੂਨੀਵਰਸਿਟੀ ਦੇ ਸਾਹਮਣੇ ਚਾਰ



ਨੌਜਵਾਨਾਂ ਨੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਇਸ ਸਬੰਧੀ ਥਾਣਾ ਅਰਬਨ ਅਸਟੇਟ ਦੀ ਪੁਲੀਸ ਨੇ ਦੌਣਕਲਾਂ ਦੇ ਹੀ ਵਸਨੀਕ ਤੇਜਿੰਦਰ ਸਿੰਘ ਫੌਜੀ ਅਤੇ ਹਰਵੀਰ ਸਿੰਘ ਸਮੇਤ ਥੇੜੀ ਵਾਸੀ ਬੋਨੀ ਅਤੇ ਹਰਮਨ ਨਾਮ ਦੇ ਨੌਜਵਾਨਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਭਿੰਦਾ ਪਿੰਡ ਦੌਣ ਕਲਾਂ ਵਿਖੇ ਯੂਥ ਕਲੱਬ ਦਾ ਪ੍ਰਧਾਨ ਵੀ ਰਿਹਾ ਹੈ, ਜਿਸ ਦੌਰਾਨ ਉਹ ਖੇਡਾਂ ਕਰਵਾਉਣ ਵਿੱਚ ਵੀ ਮੋਹਰੀ ਭੂਮਿਕਾ ਨਿਭਾਉਂਦਾ ਸੀ।

ਕਤਲ ਦੀ ਦੂਜੀ ਘਟਨਾ ਸਥਾਨਕ ਸ਼ਹਿਰ ਵਿਚ ਸਥਿਤ ਕਾਲੀ ਮਾਤਾ ਮੰਦਰ ਦੇ ਨੇੜੇ ਦੀ ਹੈ, ਜਿਸ ਦੌਰਾਨ ਪ੍ਰਿਤਪਾਲ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਦਰਸ਼ਨ ਨਗਰ ਦੀ ਅਣਪਛਾਤੇ ਵਿਅਕਤੀਆਂ ਵੱਲੋਂ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਸਬੰਧੀ ਅਣਪਛਾਤਿਆਂ ਖ਼ਿਲਾਫ਼ ਕੇਸ ਦਰਜ ਕਰਕੇ ਪੁਲੀਸ ਨੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਮੁੰਡੇ ਤੋਂ ਕੁੜੀ ਬਣੀ ਰੀਆ ਵਲੋਂ ਥਾਣੇ ਅਗੇ ਹਾਈਵੋਲਟੇਜ਼ ਡਰਾਮਾ

ਜੈਂਡਰ ਚੇਂਜ ਕਰਵਾ ਬਣੀ ਔਰਤ ਨੇ ਦੋਸ਼ ਲਗਾਏ ਹਨ ਅਤੇ ਉਸ ਦਾ ਕਹਿਣਾ ਹੈ ਕਿ ਅਰਜੁਨ ਨਾਂ ਦਾ ਮੁੰਡਾ ਉਸ ਨਾਲ 3 ਸਾਲਾ ਤੋਂ ਸਰੀਰਕ ਸਬੰਧ ਬਣਾ ਰਿਹਾ ਸੀ ਅਤੇ ਹੁਣ ਉਸ ਨੂੰ ਅਪਨਾ ਨਹੀਂ ਰਿਹਾ ਹੈ। ਇਸ ਨੂੰ ਲੈ ਕੇ ਪੁਲਿਸ ਨੇ ਉਸ ਦੀ ਦਰਖਾਸਚ ਲਿਖ ਲਈ ਹੈ ਅਤੇ ਜਾਂਚ ਕਰ ਰਹੇ ਹਨ।

ਉਸ ਦਾ ਕਹਿਣਾ ਹੈ ਕਿ ਅਰਜੁਨ ਨਾਂ ਦਾ ਮੁੰਡਾ ਉਸ ਨਾਲ 3 ਸਾਲਾ ਤੋਂ ਸਰੀਰਕ ਸਬੰਧ ਬਣਾ ਰਿਹਾ ਸੀ ਅਤੇ ਹੁਣ ਉਸ ਨੂੰ ਅਪਨਾ ਨਹੀਂ ਰਿਹਾ ਹੈ। ਇਸ ਨੂੰ ਲੈ ਕੇ ਪੁਲਿਸ ਨੇ ਉਸ ਦੀ ਦਰਖਾਸਚ ਲਿਖ ਲਈ ਹੈ ਅਤੇ ਜਾਂਚ ਕਰ ਰਹੇ ਹਨ। ਮੁੰਡੇ ਤੋਂ ਕੁੜੀ ਬਣੇ ਇਸ ਔਰਤ ਦਾ ਨਾਂ ਰੀਆ ਜੱਟੀ ਹੈ ਜਿਸ ਦਾ ਪਹਿਲਾ ਨਾਮ ਰਵੀ ਸੀ।

ਰੀਆ ਜੱਟੀ ਦਾ ਕਹਿਣਾ ਹੈ ਕਿ ਉਸ ਨੇ ਪ੍ਰੇਮ ਸੰਬੰਧਾਂ ਦੇ ਚੱਲਦੇ ਉਸਨੇ ਆਪਣਾ ਅਪਰੇਸ਼ਨ ਕਰਵਾ ਕੇ ਆਪਣਾ ਜੈਂਡਰ ਚੇਂਜ ਕਰਵਾ ਲਿਆ। ਉਸ ਦਾ ਇਲਜ਼ਾਮ ਹੈ ਕਿ ਅਰਜੁਨ ਨਾਂ ਦਾ ਮੁੰਡਾ ਹੈ ਜਿਸ ਦੇ ਨਾਲ ਉਸ ਦੇ ਪ੍ਰੇਮ ਸੰਬੰਧ ਸਨ। ਉਹ ਪਿਛਲੇ ਤਿੰਨ ਸਾਲਾਂ ਤੋਂ ਉਸ ਨਾਲ ਸਰੀਰਕ ਸੰਬੰਧ ਬਣਾ ਰਿਹਾ ਹੈ ਤੇ ਹੁਣ ਉਸ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਦੇ ਕਾਰਨ ਉਹ ਦਰ-ਦਰ ਦੀਆਂ ਠੋਕਰਾਂ ਖਾ ਰਹੀ ਹੈ। ਉਹ



ਪੁਲਿਸ ਪ੍ਰਸ਼ਾਸਨ ਕੋਲੋਂ ਵੀ ਇਨਸਾਫ਼ ਦੀ ਗੁਹਾਰ ਲਗਾ ਰਹੀ ਹੈ ਕਿ ਮੇਰੇ ਨਾਲ ਇਨਸਾਫ ਕੀਤਾ ਜਾਵੇ। ਜੈਂਡਰ ਚੇਂਜ ਕਰਵਾ ਬਣੀ ਔਰਤ ਨੇ ਨੌਜਵਾਨ 'ਤੇ ਲਗਾਏ ਧੋਖਾ ਕਰਨ ਦੇ ਦੋਸ਼ਇਸ 'ਤੇ ਅਰਜੁਨ ਨੇ ਵੀ ਮੀਡੀਆ ਦੇ ਸਾਹਮਣੇ ਆ ਕੇ ਜਵਾਬ ਦਿੰਦਿਆ ਕਿਹਾ ਹੈ ਕਿ ਸੰਧੂਰ ਲਗਾਉਣ ਵਾਲੀਆਂ ਜਿਹੜੀਆਂ ਫੋਟੋਆਂ ਰੀਆ ਜੱਟੀ ਵਾਇਰਲ ਕਰ ਰਹੀ ਹੈ ਉਹ ਜਗਰਾਤੇ ਵਿੱਚ ਐਟਮਾਂ ਦਾ ਰੋਲ ਕਰਦੇ ਸਨ, ਇਹ ਉਸ ਵੇਲੇ ਦੀਆਂ ਤਸਵੀਰਾਂ ਹਨ। ਇਹ ਫੋਟੋਆਂ ਆਈਟਮਾਂ ਦੌਰਾਨ ਹਾਸੇ ਮਜ਼ਾਕ ਵਿੱਚ ਖਿੱਚੀਆਂ ਗਈਆਂ ਸਨ, ਪਰ ਉਸ ਨੇ ਇਸ ਦਾ ਗਲਤ ਇਸਤੇਮਾਲ ਕੀਤਾ ਹੈ। ਅਰਜੁਨ ਨੇ ਕਿਹਾ ਕਿ ਰੀਆ ਨੂੰ ਲੱਗਾ ਕਿ ਉਹ ਅਮੀਰ ਹੈ ਤੇ ਪੈਸੇ ਵਾਲਾ ਮੁੰਡਾ ਹੈ ਇਸ ਲਈ ਉਸ ਨੇ ਉਸ ਨਾਲ ਦੋਸਤੀ ਕੀਤੀ ਪਰ ਜਦੋਂ ਉਸਨੂੰ ਪਤਾ ਲੱਗਾ ਇਹ ਅਮੀਰ ਨਹੀਂ ਹੈ ਤਾਂ ਰੀਆ ਨੇ ਉਸ ਨੂੰ ਬਲੈਕਮੇਲ ਕਰਨਾ ਸ਼ੁਰੂ ਕਰ ਦਿੱਤਾ।

## ਬਠਿੰਡਾ:ਫੈਕਟਰੀ ਨੇੜੇ ਸ਼ੋਅ ਰੂਮ ਨੂੰ ਲੱਗੀ ਭਿਆਨਕ ਅੱਗ



**ਬਠਿੰਡਾ/ਲੋਕ ਬਾਣੀ:-** ਬਠਿੰਡਾ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਇਕ ਫ਼ੈਕਟਰੀ ਓਟਲੁਕ ਵਿਖੇ ਸ਼ੋਅ ਰੂਮ ਨੂੰ ਲੱਗੀ ਅੱਗ ਗਈ ਹੈ। ਦੱਸ ਦੇਈਏ ਕਿ ਅੱਗ ਨੂੰ ਬੁਝਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਫ਼ਿਲਹਾਲ ਇਸ ਖ਼ਬਰ ਸੰਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਗੁਜਰਾਤ ਤੋਂ ਬਾਅਦ AAP ਹੁਣ ਹਿਮਾਚਲੀਆਂ 'ਤੇ ਡੋਰੇ ਪਾਉਣ ਲੱਗੀ: ਅਸ਼ਵਨੀ ਸ਼ਰਮਾ

**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਬੀਜੇਪੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਹਿਮਾਚਲ ਵਿੱਚ ਹੋ ਰਹੇ ਆਮ ਆਦਮੀ ਦੇ ਰੋਡ ਸ਼ੋਅ ਉਤੇ ਨਿਸ਼ਾਨਾ ਲਾਇਆ ਹੈ। ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀ ਹੋਣ ਦੇ ਨਾਤੇ ਕਿਸੇ ਵੀ ਪਾਰਟੀ ਨੂੰ ਦੇਸ਼ ਵਿੱਚ ਕਿਤੇ ਵੀ ਜਾਣ ਦਾ ਅਧਿਕਾਰ ਹੈ। ਪਰ ਆਮ ਆਦਮੀ ਪਾਰਟੀ ਪਹਿਲਾਂ ਗੁਜਰਾਤ ਵਿੱਚ ਅਤੇ ਹੁਣ ਹਿਮਾਚਲ ਦੇ ਲੋਕਾਂ ਨੂੰ ਗੁੰਮਰਾਹ ਕਰਨ ਗਈ ਹੈ।

ਸ਼ਰਮਾ ਨੇ ਆਮ ਆਦਮੀ ਪਾਰਟੀ ਉਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਇਹ ਝੂਠ ਬੋਲ ਕੇ ਰਾਜ ਕਰਨ ਵਾਲੀ ਪਾਰਟੀ ਹੈ। ਇਹ ਪਾਰਟੀ ਸਵੇਰੇ ਕੁਝ ਹੋਰ ਬਿਆਨ ਦਿੰਦੀ ਹੈ ਅਤੇ ਸ਼ਾਮ ਨੂੰ ਫਿਰ ਬਿਆਨ ਬਦਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਚੀਫ ਨੇ ਝੂਠ ਬੋਲਣ ਦੀ ਅਤੇ ਲੋਕਾਂ ਨੂੰ ਧੋਖਾ ਦੇਣ ਵਿੱਚ ਪੀਐਚਡੀ ਕੀਤੀ ਹੋਈ ਹੈ। ਹਿਮਾਚਲ ਦੇ ਲੋਕ ਬੜੇ ਸਿਆਣੇ ਅਤੇ ਚੰਗੇ ਤਰੀਕੇ ਨਾਲ ਇਨ੍ਹਾਂ ਦੀ ਚਾਲਾਂ ਨੂੰ ਵੇਖ ਰਹੇ ਹਨ।ਪੰਜਾਬ ਬੀਜੇਪੀ ਪ੍ਰਧਾਨ ਨੇ ਹਿਮਾਚਲ ਵਿੱਚ ਬੀਜੇਪੀ ਪਾਰਟੀ ਸਰਕਾਰ ਹੈ। ਬੀਜੇਪੀ ਨੇ ਹਿਮਾਚਲ ਵਿਚ ਜਨ ਕਲਿਆਣ ਦੇ ਸਾਰੇ ਕੰਮ ਕੀਤੇ ਹਨ ।

ਦੱਸਣਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਦੇ 42ਵੇਂ ਵਰ੍ਹੇਗੰਡ ਮੌਕੇ ਚੰਡੀਗੜ੍ਹ



ਵਿਖੇ ਭਾਜਪਾ ਦੇ ਸੂਬਾਈ ਹੈੱਡਕੁਆਰਟਰ 'ਚ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਇਕ ਪ੍ਰੋਗਰਾਮ ਉਲੀਕਿਆ ਗਿਆ। ਇਸ ਮੌਕੇ ਅਸ਼ਵਨੀ ਸ਼ਰਮਾ ਨੇ ਝੰਡਾ ਲਹਿਰਾਇਆ ਅਤੇ ਸਾਰਿਆਂ ਨੂੰ ਇਸ ਦਿਹਾੜੇ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਸੂਬਾ ਪ੍ਰਧਾਨ ਦੇ ਨਾਲ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਡਾ: ਸੁਭਾਸ਼ ਸ਼ਰਮਾ, ਹਰਜੀਤ ਸਿੰਘ ਗਰੇਵਾਲ ਆਦਿ ਵੀ ਹਾਜ਼ਰ ਸਨ।

# ਪੰਜਾਬ ਵਿਚ ਅਪਰਾਧਿਕ ਘਟਨਾਵਾਂ ਵਿਚ ਤਾਜ਼ਾ ਵਾਧਾ ਚਿੰਤਾਜਨਕ: ਕੈਪਟਨ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨਾਂ ਵਿਚ ਵਾਪਰੀਆਂ ਕਤਲ ਤੇ ਅਪਰਾਧਿਕ ਘਟਨਾਵਾਂ ਉਤੇ ਚਿੰਤਾ ਜ਼ਾਹਿਰ ਕੀਤੀ ਹੈ।

ਉਨ੍ਹਾਂ ਨੇ ਟਵੀਟ ਕੀਤਾ ਹੈ- @ਪੰਜਾਬ ਵਿੱਚ ਹਿੰਸਾ ਦੀਆਂ ਘਟਨਾਵਾਂ ਵਿੱਚ ਤਾਜ਼ਾ ਵਾਧਾ ਬਹੁਤ ਚਿੰਤਾਜਨਕ ਹੈ। ਪੰਜਾਬ ਪੁਲਿਸ ਇਨ੍ਹਾਂ ਸਥਿਤੀਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਸਮਰੱਥ ਹੈ, ਜੇਕਰ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਸਖ਼ਤ ਕਾਰਵਾਈ ਕਰਨ ਲਈ ਖੁੱਲ੍ਹੀ ਛੁੱਟੀ ਦਿੱਤੀ ਜਾਵੇ। ਕਿਸੇ ਨੂੰ ਵੀ ਪੰਜਾਬ ਦੀ ਅਮਨ ਸ਼ਾਂਤੀ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।@@

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਅੱਜ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਅਮਨ ਕਾਨੂੰਨ ਵਿਵਸਥਾ ਢਹਿ ਢੇਰੀ ਹੋਣ ਨਾਲ ਪੰਜਾਬੀਆਂ ਦੇ ਮਨਾਂ ਵਿਚ ਅਸੁਰੱਖਿਆ ਦੀ ਭਾਵਨਾ ਬਣ ਗਈ ਹੈ ਤੇ ਪਾਰਟੀ ਨੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਬੇਨਤੀ ਕੀਤੀ ਕਿ ਉਹ ਪ੍ਰਾਪੇਗੰਡਾ ਵਾਲੇ ਕੰਮਾਂ ਵਿਚ ਰੁੱਝੇ ਰਹਿਣ ਨਾਲੋਂ ਤੁਰੰਤ ਦਰੁੱਸਤੀ ਭਰੇ ਕਦਮ ਚੁੱਕਣ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਦੇ ਸੱਤਾ ਵਿਚ ਆਉਣ ਤੋਂ ਤੁਰਤ ਬਾਅਦ ਅਮਨ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੋ ਗਿਆ ਤੇ ਹੁਣ ਇਹ ਖਤਰਨਾਕ ਹੋ



ਗਈ ਹੈ। ਉਹਨਾਂ ਕਿਹਾ ਕਿ ਅਸੀਂ ਵੇਖਿਆ ਹੈ ਕਿ ਸਿਰਫ ਕਬੱਡੀ ਖਿਡਾਰੀਆਂ ਦੇ ਕਤਲ ਨਹੀਂ ਹੋਏ ਬਲਕਿ ਗੈਂਗਸਟਰਾਂ ਦੀ ਆਪਸੀ ਗੋਲੀਬਾਰੀ ਹੋਈ ਤੇ ਜੈਤੋਂ ਟਰੱਕ ਯੂਨੀਅਨ 'ਤੇ ਕਬਜ਼ਾ ਕਰਨ ਲਈ ਵੀ ਖੂਨੀ ਟਕਰਾਅ ਹੋਏ ਤੇ ਫਿਰਕੂ ਝੜਪਾਂ ਵੀ ਹੋਈਆਂ ਹਨ।

ਡਾ. ਚੀਮਾ ਨੇ ਕਿਹਾ ਕਿ ਅਜਿਹਾ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਨੇ ਪੁਲਿਸ ਫੋਰਸ ਨੂੰ ਇਸ਼ਾਰਾ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਨੂੰ ਖੁੱਲ੍ਹੀ ਛੁੱਟੀ ਦਿੱਤੀ ਜਾਵੇ। ਇਸੇ ਲਈ ਅਸੀਂ ਵੇਖਿਆ ਕਿ ਜੈਤੋਂ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਕਾਨੂੰਨ ਆਪਣੇ ਹੱਥਾਂ ਵਿਚ ਲੈ ਲਿਆ। ਉਹਨਾਂ ਕਿਹਾ ਕਿ ਪੁਲਿਸ ਮੂਕ ਦਰਸ਼ਕ ਬਣ ਗਈ ਹੈ। ਉਹਨਾ ਕਿਹਾ ਕਿ ਹਾਲਾਤ ਇੰਨੇ ਵਿਗੜ ਗਏ ਹਨ ਕਿ ਰਾਮਪੁਰਾ ਫੂਲ ਦੇ ਸਾਬਕਾ ਐਮ ਸੀ ਤੇ ਆਮ ਆਦਮੀ ਪਾਰਟੀ ਦੇ ਆਗੂ ਸੁਰਿੰਦਰ ਫੂਲ ਨੇ ਰਾਮਪੁਰਾ ਪੁਲਿਸ ਥਾਣੇ ਵਿਚ ਐਸਐਚਓ ਦੀ ਵਰਤੀ ਹੀ ਪਾੜ ਦਿੱਤੀ ਤੇ ਅਫਸਰ ਦੇ ਮੂੰਹ 'ਤੇ ਮੁੱਕੇ ਮਾਰੇ।

## ਵਿਸਾਖੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ 9 ਅਤੇ 10 ਅਪ੍ਰੈਲ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਲਗਾਇਆ ਜਾਵੇਗਾ ਕੋਰੋਨਾ ਜਾਂਚ ਕੈਂਪ



**ਅੰਮ੍ਰਿਤਸਰ/ਲੋਕ ਬਾਣੀ**

ਖ਼ਾਲਸਾ ਸਾਜਣਾ ਦਿਵਸ ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਵਿਖੇ ਹੋਣ ਵਾਲੇ ਸਮਾਗਮਾਂ @ਚ ਸ਼ਮੂਲੀਅਤ ਲਈ ਸ਼੍ਰੋਮਣੀ ਕਮੇਟੀ ਵਲੋਂ 12 ਅਪ੍ਰੈਲ ਨੂੰ ਸਿੱਖ ਸ਼ਰਧਾਲੂਆਂ ਦੇ ਭੇਜੇ ਜਾਣ ਵਾਲੇ ਜਥੇ ਲਈ ਕੋਰੋਨਾ ਦੇ ਚੱਲਦਿਆਂ ਸਿਹਤ ਵਿਭਾਗ ਦੇ ਨਿਰਦੇਸ਼ਾਂ ਦਾ ਪਾਲਣ ਕਰਨਾ ਜ਼ਰੂਰੀ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਦੱਸਿਆ ਕਿ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਲਈ ਕੋਰੋਨਾ ਟੀਕਾਕਰਨ ਦੀਆਂ ਦੋਵੇਂ ਡੋਜ਼ਾਂ ਲੱਗੀਆਂ ਹੋਣ ਦੇ ਨਾਲ-ਨਾਲ 72 ਘੰਟੇ ਪਹਿਲਾਂ ਕੋਰੋਨਾ ਟੈਸਟ ਕਰਵਾਉਣਾ ਜ਼ਰੂਰੀ ਹੈ, ਜਿਸ ਲਈ ਸ਼੍ਰੋਮਣੀ ਕਮੇਟੀ ਵਲੋਂ ਪ੍ਰਬੰਧ ਕੀਤਾ ਜਾ ਰਿਹਾ ਹੈ।

# ਕਿਨ੍ਹਾਂ ਹਾਲਾਤਾਂ 'ਚ ਵਿਆਹ ਦੇ ਵਾਅਦੇ 'ਤੇ ਸੈਕਸ ਕਰਨਾ ਬਲਾਤਕਾਰ ਮੰਨਿਆ ਜਾਵੇਗਾ ? ਕੇਰਲ 83 ਨੇ ਸੁਣਾਇਆ ਫੈਸਲਾ




ਕੇਰਲ ਹਾਈ ਕੋਰਟ ਨੇ ਇਕ ਮਹੱਤਵਪੂਰਨ ਫੈਸਲਾ ਸੁਣਾਇਆ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਕਦੋਂ ਵਿਆਹ ਦੇ ਵਾਅਦੇ @ਤੇ ਸੈਕਸ ਬਲਾਤਕਾਰ ਦੇ ਬਰਾਬਰ ਹੋ ਸਕਦਾ ਹੈ। ਵਿਆਹ ਦੇ ਝੂਠੇ ਵਾਅਦੇ @ਤੇ ਬਲਾਤਕਾਰ ਦੇ ਜੁਰਮ ਲਈ ਇਕ ਵਿਅਕਤੀ ਨੂੰ ਦੋਸ਼ੀ ਠਹਿਰਾਉਂਦੇ ਹੋਏ, ਅਦਾਲਤ ਨੇ ਸਪੱਸ਼ਟ ਕੀਤਾ ਕਿਉਂਕਿ ਦੋਸ਼ੀ ਨੇ ਪੀੜਤ ਨਾਲ ਜਿਨਸੀ ਸੰਬੰਧ ਬਣਾਉਣ ਤੋਂ ਤੁਰੰਤ ਬਾਅਦ ਦੂਜਾ ਵਿਆਹ ਕਰਵਾ ਲਿਆ, ਇਸ ਨਾਲ ਸਹਿਮਤੀ ਦੀ ਘਾਟ ਦੀ ਧਾਰਨਾ ਨੂੰ ਜਨਮ ਨਹੀਂ ਦਿੱਤਾ ਜਾ ਸਕਦਾ। ਇਸ ਤੋਂ ਇਲਾਵਾ, ਹਾਈ ਕੋਰਟ ਨੇ ਕਿਹਾ ਹੈ ਕਿ ਸਹਿਮਤੀ ਨੂੰ ਪ੍ਰਭਾਵਿਤ ਕਰਨ ਵਾਲੇ ਦੋਸ਼ੀ ਦੁਆਰਾ ਭੌਤਿਕ ਤੱਥਾਂ ਦਾ ਖੁਲਾਸਾ ਨਾ ਕਰਨਾ ਔਰਤ ਦੀ ਜਿਨਸੀ ਖੁਦਮੁਖਤਿਆਰੀ ਦੀ ਉਲੰਘਣਾ ਦੇ ਬਰਾਬਰ ਹੋਵੇਗਾ। ਜੇਕਰ ਵਿਆਹ ਅਨਿਸ਼ਚਿਤ ਸੀ, ਤਾਂ ਦੋਸ਼ੀ ਔਰਤ ਨੂੰ ਇਸ ਦਾ ਖੁਲਾਸਾ ਕਰਨ ਲਈ ਪਾਬੰਦ ਹੈ। ਸਬੰਧਤ ਕਾਨੂੰਨ ਦੇ ਵਿਆਪਕ ਵਿਸ਼ਲੇਸ਼ਣ ਤੋਂ ਬਾਅਦ, ਜਸਟਿਸ ਏ.ਮੁਹੰਮਦ ਮੁਸਤਾਕ ਅਤੇ ਜਸਟਿਸ ਕੌਸਰ ਇਦਾਪਾਗਥ ਦੇ ਡਿਵੀਜ਼ਨ ਬੈਂਚ ਨੇ ਦੇਖਿਆ ਕਿ ਇਸ ਮੁੱਦੇ @ਤੇ ਕਾਨੂੰਨੀ ਸਥਿਤੀ ਸਪੱਸ਼ਟ ਹੈ। ਅਦਾਲਤ ਨੇ ਕਿਹਾ ÷ਜੇਕਰ ਉਹ ਵਿਆਹ ਬਾਰੇ ਪੱਕਾ ਨਹੀਂ ਸੀ, ਤਾਂ ਉਹ ਔਰਤ ਨੂੰ ਇਸ ਤੱਥ ਦਾ ਖੁਲਾਸਾ ਕਰਨ ਲਈ ਪਾਬੰਦ ਹੈ। ਜੇਕਰ ਅਜਿਹੇ ਤੱਥ ਦਾ ਖੁਲਾਸਾ ਨਹੀਂ ਕੀਤਾ ਗਿਆ ਸੀ, ਤਾਂ ਸਹਿਮਤੀ @ਤੱਥ ਦੀ ਗਲਤ ਧਾਰਨਾ@ ਦੀ ਸ਼੍ਰੇਣੀ ਵਿੱਚ ਆ ਸਕਦੀ ਹੈ ਅਤੇ ਸਹਿਮਤੀ ਦੀ ਸ਼੍ਰੇਣੀ ਆਈਪੀਸੀ ਦੀ ਧਾਰਾ 90 ਵਿੱਚ ਦਰਸਾਏ ਗਏ ਤੱਥ ਦੀ ਗਲਤ ਧਾਰਨਾ ਦੇ ਅਧੀਨ ਆ ਸਕਦੀ ਹੈ। ਅਦਾਲਤ ਆਈਪੀਸੀ (ਬਲਾਤਕਾਰ) ਦੀ ਧਾਰਾ 376 ਦੇ ਤਹਿਤ ਅਪੀਲਕਰਤਾ ਨੂੰ ਦੋਸ਼ੀ ਠਹਿਰਾਉਣ ਵਾਲੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਅਪੀਲ ਨਾਲ ਨਜਿੱਠ ਰਹੀ ਸੀ। ਹੇਠਲੀ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਵਿਰੋਧੀ ਪੱਖ ਦਾ ਕਹਿਣਾ ਸੀ ਕਿ ਅਪੀਲਕਰਤਾ ਵੱਲੋਂ ਪੀੜਤਾ ਦਾ ਸਰੀਰਕ ਸ਼ੋਸ਼ਣ ਕੀਤਾ ਗਿਆ। ਅਪੀਲਕਰਤਾ ਅਤੇ ਪੀੜਤ ਦੋਵੇਂ ਰਿਸ਼ਤੇਦਾਰ ਸਨ ਅਤੇ ਪਿਛਲੇ 10 ਸਾਲਾਂ ਤੋਂ ਰਿਸ਼ਤੇ ਵਿੱਚ ਸਨ। ਇਹ ਦਲੀਲ ਦਿੱਤੀ ਗਈ ਸੀ ਕਿ ਅਪੀਲਕਰਤਾ ਨੇ ਪੀੜਤਾ ਨਾਲ ਉਸ ਦੀ ਮਰਜ਼ੀ ਦੇ ਵਿਰੁੱਧ ਤਿੰਨ ਵਾਰ ਸਰੀਰਕ ਸਬੰਧ ਬਣਾਏ। ਹਾਲਾਂਕਿ ਬਾਅਦ ਵਿੱਚ ਉਨ੍ਹਾਂ ਦੇ ਵਿਆਹ ਦੀ ਤਿਆਰੀ ਕੀਤੀ ਗਈ ਸੀ, ਕਿਉਂਕਿ ਉਸਦੇ ਮਾਤਾ-ਪਿਤਾ ਦੇ ਵਿਰੋਧ ਕਾਰਨ ਉਸਨੇ ਕਿਸੇ ਹੋਰ ਔਰਤ ਨਾਲ ਵਿਆਹ ਕਰ ਲਿਆ।

# ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਦਾ ਦਾਣਾ ਦਾਣਾ ਖ਼੍ਰੀਦਿਆ ਜਾਵੇਗਾ, 48 ਘੰਟਿਆਂ ਵਿੱਚ ਹੋਵੇਗੀ ਅਦਾਇਗੀ-ਵਿਧਾਇਕ ਹਰਮੀਤ ਪਠਾਣਮਾਜਰਾ



**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਹੁਣ ਜਦੋਂ ਕਿ ਕਣਕ ਦੀ ਫਸਲ ਅਨਾਜ ਮੰਡੀਆਂ ਵਿੱਚ ਪਹੁੰਚਣੀ ਸ਼ੁਰੂ ਹੋ ਗਈ ਹੈ ਤਾਂ ਆਡ?ਤੀ ਅਤੇ ਖ਼੍ਰੀਦ ਏਜੰਸੀਆਂ ਦੇ ਅਧਿਕਾਰੀ ਵੀ ਕਣਕ ਖ਼੍ਰੀਦਣ ਲਈ ਤਿਆਰ ਬਰ ਤਿਆਰ ਹਨ ਅਤੇ ਮੰਡੀਆਂ ਵਿਚੋਂ ਕਣਕ ਦਾ ਦਾਣਾ ਦਾਣਾ ਖ਼੍ਰੀਦਿਆ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਸਨੌਰ ਨੇ ਅੱਜ ਅਨਾਜ ਮੰਡੀ ਦੇਵੀਗਡ? ਵਿਖੇ ਕਣਕ ਦੀ ਖ਼੍ਰੀਦ ਸ਼ੁਰੂ ਕਰਾਉਣ ਸਮੇਂ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕੀਤਾ। ਹਰਮੀਤ ਪਠਾਣਮਾਜਰਾ ਨੇ ਕਿਹਾ ਕਿ ਅਨਾਜ ਮੰਡੀਆਂ ਵਿੱਚ ਖ਼੍ਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਹਨ ਅਤੇ ਖ਼੍ਰੀਦ ਏਜੰਸੀਆਂ ਨੇ ਆਪਣੀ ਪੂਰੀ ਤਿਆਰੀ ਕਰੀ ਹੋਈ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ ਅਤੇ ਕਿਸਾਨਾਂ ਨੂੰ ਕਣਕ ਦੀ ਪੇਮੈਂਟ ਵੀ 48 ਘੰਟਿਆਂ ਵਿੱਚ ਕੀਤੀ ਜਾਵੇਗੀ।

ਇਸ ਲਈ ਕਿਸਾਨਾਂ ਨੂੰ ਉਨ੍ਹਾਂ ਅਪੀਲ ਕੀਤੀ ਹੈ ਕਿ ਉਹ ਮੰਡੀਆਂ ਵਿੱਚ ਕਣਕ ਸੁਕਾ ਕੇ ਅਤੇ ਸਾਫ ਸੁਥਰੀ ਲਿਆਉਣ ਤਾਂ ਕਿ ਉਨ੍ਹਾਂ ਨੂੰ ਕਣਕ ਵੇਚਣ ਸਮੇਂ ਕੋਈ ਮੁਸ਼ਕਲ ਪੇਸ਼ ਨਾ ਆਵੇ।

ਇਸ ਮੌਕੇ ਐਸ.ਡੀ.ਐਮ. ਦੁਧਨਸਾਧਾਂ ਅੰਕੁਰਦੀਪ ਸਿੰਘ ਨੇ ਵੀ ਕਿਹਾ ਹੈ ਕਿ ਪੰਜਾਬ ਦੀ 'ਆਪ' ਸਰਕਾਰ ਵੱਲੋਂ ਕਣਕ ਦੀ ਖ਼੍ਰੀਦ ਦੇ ਪੁਖਤਾ ਪ੍ਰਬੰਧ ਹਨ। ਮੰਡੀਆਂ ਵਿੱਚ ਬਾਰਦਾਨੇ ਦੀ ਕੋਈ ਘਾਟ ਨਹੀਂ ਹੈ ਅਤੇ ਕਣਕ ਦੀ ਪੇਮੈਂਟ ਦੇ ਵੀ ਨਾਲੋ ਨਾਲ ਪ੍ਰਬੰਧ ਕੀਤੇ ਹੋਏ ਹਨ। ਇਸ ਲਈ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਇਸ ਦੌਰਾਨ ਅਨਾਜ ਮੰਡੀ ਦੇਵੀਗਡ? ਦੇ ਨਵ ਨਿਯੁਕਤ ਪ੍ਰਧਾਨ ਰਾਜਵਿੰਦਰ ਸਿੰਘ ਹਡ?ਾਨਾ ਨੇ ਵੀ ਕਿਸਾਨਾਂ ਨੂੰ ਤਸੱਲੀ ਦਿੱਤੀ ਹੈ ਕਿ ਮੰਡੀਆਂ ਵਿੱਚ ਸਾਰੇ ਖ਼੍ਰੀਦ ਦੇ ਪ੍ਰਬੰਧ ਮੁਕੰਮਲ ਹਨ ਇਸ ਲਈ ਕਿਸਾਨਾ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰਣਜੋਧ ਸਿੰਘ ਹਡ?ਾਣਾ, ਪ੍ਰਧਾਨ ਗੁਰਬਚਨ ਸਿੰਘ, ਬਲਦੇਵ ਸਿੰਘ ਦੇਵੀਗਡ?, ਸਿਮਰਨਜੀਤ ਸਿੰਘ ਸੋਹਲ ਪ੍ਰਧਾਨ, ਕਰਮਜੀਤ ਸਿੰਘ ਪ੍ਰਧਾਨ, ਗੁਰਮੇਲ ਸਿੰਘ ਆਡ?ਤੀ, ਰਾਜਾ ਧੰਜੂ ਸਰੁਸਤੀਗਡ?, ਹਰਪਾਲ ਸਿੰਘ ਹਡ?ਾਨਾ, ਸਿਰੀ ਰਾਮ ਗੁਪਤਾ, ਮਨਿੰਦਰ ਫਰਾਂਸਵਾਲਾ ਰਮੇਸ਼ ਲਾਂਬਾ, ਜਗਤਾਰ ਸਿੰਘ ਜੱਗਾ, ਸਵਰਨ ਸਿੰਘ ਰਨਵਾਂ, ਜੀਤ ਸਿੰਘ ਚੇਅਰਮੈਨ, ਗੁਰਮੇਲ ਸਿੰਘ ਫਰੀਦਪੁਰ, ਭੂਪਿੰਦਰ ਸਿੰਘ, ਬਿਕਰਮ ਸਿੰਘ, ਅਮਨ ਢੋਟ ਆਦਿ ਮੌਜੂਦ ਸਨ।

# ਵਿਧਾਇਕ ਹਾਕਮ ਸਿੰਘ ਠੇਕੇਦਾਰ ਦਾ ਕੀਤਾ ਸਨਮਾਨ



**ਰਾਏਕੋਟ/ਗੁਰਭਿੰਦਰ ਗੁਰੀ**

ਆਮ ਆਦਮੀ ਪਾਰਟੀ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਵੱਲੋਂ ਜਿੱਤਣ ਤੋਂ ਬਾਅਦ ਹਲਕਾ ਰਾਏਕੋਟ ਦੇ ਪਿੰਡ ਆਂਡਲੂ ਦੇ ਲੋਕਾਂ ਧੰਨਵਾਦ ਕਰਦੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨਾਲ ਕੀਤੇ ਵਾਅਦਿਆਂ ਉਤੇ ਪੂਰਾ ਉਤਰੇਗੀ ਅਤੇ ਸਭ ਤੋਂ ਪਹਿਲਾਂ ਨਸ਼ੇ ਦੇ ਖਾਤਮੇ ਲਈ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਲੋਕਾਂ ਨੇ ਜੋ ਮਾਣ ਸਨਮਾਨ ਓਹਨਾਂ ਨੂੰ ਦਿੱਤਾ ਹੈ ਮੈਂ ਹਲਕੇ ਦੇ ਲੋਕਾਂ ਦਾ ਹਮੇਸ਼ਾ ਕਰਜ਼ਦਾਰ ਰਹਾਂਗਾ। ਠੇਕੇਦਾਰ ਨੇ ਕਿਹਾ ਕਿ ਜੋ ਵੀ ਹਲਕੇ ਦੇ ਲੋਕਾਂ ਨੂੰ ਉਨ੍ਹਾਂ ਤੋਂ ਉਮੀਦਾਂ ਹਨ ਤੇ ਮੈਂ ਉਹਨਾਂ ਉਮੀਦਾਂ ਤੇ ਹਮੇਸ਼ਾ ਖਰਾ ਉਤਰਾਂਗਾ। ਉਹਨਾਂ ਅੱਗੇ ਕਿਹਾ ਕਿ ਮੇਰਾ ਪਹਿਲਾ ਕੰਮ ਹੋਵੇਗਾ ਕਿ ਅੱਜ ਨੌਜਵਾਨ ਪੀੜੀ ਨੂੰ ਨਸ਼ਿਆਂ ਦੀ ਦਲਦਲ ਵਿਚੋਂ ਮੁਕਤ ਕਰਨਾ ਹੋਵੇਗਾ। ਸਭ ਤੋਂ ਪਹਿਲਾ ਪ੍ਰਸਾਸ਼ਨ ਅਤੇ ਲੋਕਾਂ ਦੇ ਸਹਿਯੋਗ ਨਾਲ ਨਸ਼ੇ ਵੇਚਣ ਵਾਲਿਆਂ ਨੂੰ ਸਮਝਾਇਆ ਜਾਵੇਗਾ ਜੇ ਨਾ ਸਮਝੇ ਤਾਂ ਸਖਤੀ ਨਾਲ ਪੇਸ਼ ਆਇਆ ਜਾਵੇਗਾ। ਦੂਸਰਾ ਕੰਮ ਪਿਛਲੇ ਸਮੇਂ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਜੋ ਵੀ ਜੇਕਰ ਬੰਦ ਕੀਤੀਆਂ ਗਈਆਂ ਸਨ ਉਨ੍ਹਾਂ ਦੀ ਪੜਤਾਲ ਕਰਵਾ ਕੇ ਦੁਬਾਰਾ ਤੋਂ ਬਹਾਲ ਕੀਤੀਆਂ ਜਾਣਗੀਆਂ। ਉਹਨਾਂ ਇਸ ਦੌਰਾਨ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਲਿਆ ਗਿਆ 35 ਹਜ਼ਾਰ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਅਤੇ ਇੱਕ ਵਿਧਾਇਕ ਤੇ ਇੱਕ ਪੈਨਸ਼ਨ ਦਾ ਫੈਸਲਾ ਇਤਿਹਾਸਕ ਫੈਸਲਾ ਹੈ। ਉਹਨਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਇਕ ਮਿਲਣਸਾਰ ਅਤੇ ਇਮਾਨਦਾਰ ਸਖਸ਼ੀਅਤ ਹਨ ਅਤੇ ਉਨ੍ਹਾਂ ਨੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀਆਂ ਸਮੂਹ ਪਾਰਟੀਆਂ ਨੂੰ ਪਹਿਲ ਦੇ ਆਧਾਰ 'ਤੇ ਅਹਿਮੀਅਤ ਦੇ ਕੇ ਸਮੁੱਚੇ ਸਦਨ ਦਾ ਦਿਲ ਜਿੱਤਿਆ ਹੈ। ਇਸ ਮੌਕੇ ਪ੍ਰਧਾਨ ਰਾਜਦੀਪ ਸਿੰਘ ਆਂਡਲੂ ਦੀ ਅਗਵਾਈ ਚ ਆਂਡਲੂ ਵਾਸੀਆਂ ਵੱਲੋਂ ਵਿਧਾਇਕ ਠੇਕੇਦਾਰ ਹਾਕਮ ਸਿੰਘ ਦਾ ਵਿਸ਼ੇਸ ਤੌਰ ਤੇ ਸਨਮਾਨ ਵੀ ਕੀਤਾ ਗਿਆ ਇਸ ਸਮੇ ਹੋਰਨਾਂ ਤੋ ਇਲਾਵਾ ਗੁਰਦੇਵ ਬਾਵਾ, ਟਰੱਕ ਯੂਨੀਅਨ ਦੇ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ, ਰਾਜਦੀਪ ਸਿੰਘ ਆਂਡਲੂ, ਆਂਡਲੂ ਪੀਏ ਕਮਲ ਸੁਖਾਣਾ ਬਲਵੰਤ ਸਿੰਘ ਜੰਟਾਂ, ਜਗਤਾਰ ਸਿੰਘ ਤਾਰਾ ਤਲਵੰਡੀ, ਰਾਮ ਕੁਮਾਰ ਛਾਪਾ, ਹਨੀ ਗਿੱਲ, ਪ੍ਰਧਾਨ ਰਵਿੰਦਰ , ਬਲਵੀਰ ਸਿੰਘ ਮਾਨ, ਗੁਰਮਿੰਦਰ ਸਿੰਘ ਤੂਰ, ਪ੍ਰੀਤ ਰਾਏਕੋਟੀ, ਸਵਰਨਜੀਤ ਸਿੰਘ ਬਿੱਟੂ, ਭੁਪਿੰਦਰ ਸਿੰਘ, ਕੁਲਦੀਪ ਸਿੰਘ, ਸਖਦੇਵ ਸਿੰਘ, ਹਰਭਜਨ ਸਿੰਘ, ਕਰਮ ਸਿੰਘ, ਹਰਕਮਲ ਸਿੰਘ, ਰਸ਼ਪਾਲ ਸਿੰਘ, ਗੁਰਦੀਪ ਸਿੰਘ, ਬਲਦੇਵ ਸਿੰਘ, ਭਜਨ ਸਿੰਘ, ਕੁਲਦੀਪ ਸਿੰਘ, ਅਵਤਾਰ ਸਿੰਘ, ਕਰਮੇਲ ਸਿੰਘ, ਤਿਰਲੋਚਨ ਸਿੰਘ, ਸਖਵਿੰਦਰ ਸਿੰਘ, ਰਾਜ ਸਿੰਘ, ਰਸ਼ਪਾਲ ਸਿੰਘ, ਬਲਵਿੰਦਰ ਸਿੰਘ, ਗੁਰਚਰਨ ਸਿੰਘ, ਅਮਨਦੀਪ ਸਿੰਘ, ਜਸਵਿੰਦਰ ਸਿੰਘ, ਨਿਰਮਲ ਸਿੰਘ, ਰਿੰਕੂ ਸਿੰਘ ਆਦਿ ਹਾਜਰ ਸਨ।

# ਹਲਕਾ ਸਨੌਰ ਦੇ ਦੇਵੀਗੜ੍ਹ ਇਲਾਕੇ ਦੇ ਪਿੰਡਾਂ ਦੇ ਲੋਕਾਂ ਨੂੰ ਹੁਣ ਆਪਣੇ ਕੰਮ ਕਰਵਾਉਣ ਲਈ ਸ਼ਹਿਰ ਨਹੀਂ ਜਾਣਾ ਪਵੇਗਾ : ਵਿਧਾਇਕ ਹਰਮੀਤ ਪਠਾਣਮਾਜਰਾ



**ਪਟਿਆਲਾ/ਦੇਵੀਗੜ/ਇਕਬਾਲ ਸਿੰਘ**

ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਹੀ ਹਲਕਾ ਸਨੌਰ ਨਾਲ ਸਬੰਧਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਹੁਣ ਸ਼ਹਿਰ ਛੱਡ ਕੇ ਪਿੰਡਾਂ ਵੱਲ ਮੁਹਾਣਾ ਮੋਡ? ਲਈਆਂ ਹਨ ਤਾਂ ਕਿ ਸ਼ਹਿਰ ਤੋਂ ਦੂਰ ਦੁਰਾਡੇ ਪਿੰਡਾਂ ਦੇ ਲੋਕਾਂ ਨੂੰ ਆਪਣੇ ਰੋਜ਼ ਮਰਾ ਦੇ ਕੰਮ ਕਰਵਾਉਣ ਲਈ ਸ਼ਹਿਰਾਂ ਵੱਲ ਨਾ ਜਾਣਾ ਪਵੇ। ਇਸੇ ਲਈ ਅੱਜ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਕੋਸ਼ਿਸ਼ ਸਦਕਾ ਦੇਵੀਗਡ? ਦੇ ਇੱਕ ਮੈਰਿਜ ਪੈਲੇਸ ਵਿਖੇ ਸੁਵਿਧਾ ਕੈਂਪ ਲਗਾਇਆ ਗਿਆ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਉਨ੍ਹਾਂ ਨੇ ਇਸ ਵਿੱਚ ਸ਼ਾਮਲ ਹੋਣ ਉਪਰੰਤ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕੀਤਾ। ਪਠਾਣਮਾਜਰਾ ਨੇ ਅੱਗੇ ਕਿਹਾ ਕਿ ਹਲਕਾ ਸਨੋਰ ਵਿੱਚ ਦੁਧਨਸਾਧਾਂ ਵਿਖੇ ਬੇਸ਼ੱਕ ਸਬ ਡਵੀਜ਼ਨ ਬਣੀ ਹੋਈ ਹੈ ਪਰ ਉਸ ਵਿੱਚ ਅਜੇ ਤੱਕ ਸਾਰੇ ਅਧਿਕਾਰੀਆਂ ਦੇ ਦਫਤਰ ਨਾ ਹੋਣ ਕਰਕੇ ਇਸ ਇਲਾਕੇ ਦੇ ਲੋਕਾਂ ਨੂੰ ਪਟਿਆਲੇ ਜਾਣਾ ਪੈਂਦਾ ਹੈ। ਜਿਸ ਨਾਲ ਉਨ੍ਹਾਂ ਦਾ ਕਾਫੀ ਸਮਾਂ ਖਰਾਬ ਹੋ ਜਾਂਦਾ ਹੈ। ਇਸ ਮੁਸ਼ਕਲ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਨੇ ਅੱਜ ਇਹ ਕੈਂਪ ਲਗਾਇਆ ਸੀ। ਉਨ੍ਹਾਂ ਕਿਹਾ ਕਿ ਇਹ ਕੈਂਪ ਇੱਕ ਤਜਰਬੇ ਵਜੋਂ ਲਗਾਇਆ ਗਿਆ ਸੀ, ਬੇਸ਼ੱਕ ਇਸ ਵਿੱਚ ਲੋਕਾਂ ਨੂੰ ਬਹੁਤਾ ਲਾਭ ਨਹੀਂ ਹੋਇਆ ਪਰ ਇਸ ਨਾਲ ਅਧਿਕਾਰੀਆਂ ਇਹ ਤਜਰਬਾ ਹੋ ਗਿਆ ਹੈ ਕਿ ਲੋਕਾਂ ਨੂੰ ਕਿਸ ਕਿਸ ਕੰਮ ਨੂੰ ਕਰਵਾਉਣ ਲਈ ਪਟਿਆਲੇ ਜਾਣਾ ਪੈਂਦਾ ਹੈ। ਅਗੇ ਤੋਂ ਇਸ ਤੋਂ ਵੀ ਵੱਡਾ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ਾਮਲ ਹੋਣਗੇ ਅਤੇ ਉਨ੍ਹਾਂ ਦੇ ਨਾਲ ਸਾਰੇ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਹੋਣਗੇ ਤਾਂ ਕਿ ਪਛਡ? ਇਲਾਕੇ ਦੇ ਲੋਕਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਲਾਭ ਹੋ ਸਕੇ।

ਇਸ ਮੌਕੇ ਐਸ. ਡੀ.ਐਮ. ਦੁਧਨਸਾਧਾਂ ਅੰਕੁਰਦੀਪ ਸਿੰਘ ਨੇ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਨੂੰ ਆਪਣੇ ਕੰਮਾਂ ਲਈ ਪਿੰਡਾਂ ਤੋਂ ਦੂਰ ਪਟਿਆਲੇ ਨਾ ਜਾਣਾ ਪਵੇ ਇਸ ਲਈ ਅੱਜ ਦੇਵੀਗਡ? ਵਿਖੇ ਇੱਕ ਸੁਵਿਧਾ ਕੈਂਪ ਲਗਾਇਆ ਗਿਆ ਹੈ। ਜਿਸ ਵਿੱਚ ਹਰੇਕ ਵਿਭਾਗ ਦਾ ਅਧਿਕਾਰੀ ਇਸ ਕੈਂਪ 'ਚ ਸ਼ਾਮਲ ਹੋਇਆ। ਇਸ ਮੌਕੇ ਬਹੁਤ ਸਾਰੇ ਪਿੰਡਾਂ ਚੋਂ ਲੋਕ ਆਪਣੇ ਕੰਮ ਕਰਵਾਉਦ ਲਈ ਇਸ ਕੈਂਪ ਵਿੱਚ ਪਹੁੰਚੇ ਅਤੇ ਆਪਣੇ ਕੰਮਾਂ ਬਾਰੇ ਅਧਿਕਾਰੀਆਂ ਨੂੰ ਦੱਸਿਆ। ਬੇਸ਼ੱਕ ਇਸ ਕੈਂਪ ਵਿੱਚ ਲੋਕਾਂ ਨੂੰ ਬਹੁਤਾ ਲਾਭ ਨਹੀਂ ਹੋਇਆ ਪਰ ਇਸ ਤੋਂ ਹੋਰ ਸਿੱਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਇੱਕ ਹੋਰ ਵੱਡਾ ਕੈਂਪ ਲਗਾਇਆ ਜਾਵੇਗਾ ਜਿਸ ਵਿੱਚ ਸਾਰੇ ਅਧਿਕਾਰੀ ਮੌਕੇ ਤੇ ਪਹੁੰਚ ਕੇ ਲੋਕਾਂ ਦੇ ਕੰਮ ਕਰਵਾਉਣਗੇ। ਇਸ ਮੌਕੇ ਸੁਖਮਿੰਦਰ ਸਿੰਘ ਚੋਹਾਨ ਡੀ.ਐਸ.ਪੀ. ਦਿਹਾਤੀ ਪਟਿਆਲਾ, ਗੁਰਬਚਨ ਸਿੰਘ ਵਿਰਕ ਪ੍ਰਧਾਨ, ਡਾ. ਗੁਰਮੀਤ ਬਿੱਟੂ ਉਪ ਚੇਅਰਮੈਨ, ਮਨਿੰਦਰ ਫਰਾਂਸਵਾਲਾ ਮੈਂਬਰ ਜ਼ਿਲਾ ਪ੍ਰੀਸ਼ਦ, ਸਿਮਰਜੀਤ ਬਰਕਤਪੁਰ, ਰਾਜਵਿੰਦਰ ਸਿੰਘ ਹਡ?ਾਨਾ ਪ੍ਰਧਾਨ, ਰਣਜੋਧ ਸਿੰਘ ਹਡ?ਾਨਾ 'ਆਪ' ਆਗੂ, ਸਿਮਰਜੀਤ ਸਿੰਘ ਸੋਹਲ, ਹਰਦੇਵ ਸਿੰਘ ਘਡ?ਾਮ, ਗੁਰਪ੍ਰੀਤ ਸਿੰਘ ਗੁਰੀ ਪੀ.ਏ. ਬਲਜਿੰਦਰ ਸਿੰਘ ਨੰਦਗਡ?, ਕੁਲਵੰਤ ਸਿੰਘ ਬਲਾਕ ਪ੍ਰਧਾਨ, ਬਲਦੇਵ ਸਿੰਘ ਦੇਵੀਗਡ?, ਰਾਜਾ ਧੰਜੂ ਸਰੁਸਤੀਗਡ?, , ਅਮਨ ਪਠਾਣਮਾਜਰਾ, ਚਾਚਾ ਸਵਿੰਦਰ ਸਿੰਘ, ਗੁਰਵਿੰਦਰ ਸਿੰਘ ਰਾਜੂ, ਰਿੰਕੂ ਚਰਾਸੋ ਆਦਿ ਮੌਜੂਦ ਸਨ।

# ਕਿਤਾਬਾਂ ਦੀ ਸਾਂਝ ਮਹਿੰਮ ਦੀ ਸ਼ੁਰੂਆਤ



**ਪਟਿਆਲਾ/ਭੁਨਰਹੇੜੀ//ਇਕਬਾਲ ਸਿੰਘ**

ਸਰਕਾਰੀ ਐਲੀਮੈਂਟਰੀ ਸਕੂਲ ਮੰਜਾਲ ਕਲਾਂ ਬਲਾਕ ਭੁਨਰਹੇੜੀ 2 ਵਿਖੇ ਵਿਦਿਆਰਥੀਆਂ ਵਲੋਂ ਕਿਤਾਬਾਂ ਦੀ ਸਾਂਝ ਮੁਹਿੰਮ ਤਹਿਤ ਵਿਦਿਆਰਥੀਆਂ ਵਲੋਂ ਕਿਤਾਬਾਂ ਦਾ ਆਦਾਨ ਪ੍ਰਦਾਨ ਕੀਤਾ ਗਿਆ। ਨਵੇਂ ਸੈਸ਼ਨ ਦੌਰਾਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ ਇਸ ਦੇ ਮੱਦੇਨਜ਼ਰ ਪਾਸ ਵਿਦਿਆਰਥੀਆਂ ਵੱਲੋਂ ਆਪਣੀਆਂ ਕਿਤਾਬਾਂ ਹੇਠਲੀਆਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਵੰਡੀਆਂ ਗਈਆਂ। ਸਕੂਲ ਇੰਚਾਰਜ ਹਰਦੀਪ ਸਿੰਘ ਅਤੇ ਅਧਿਆਪਕ ਰਣਧੀਰ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਬੁੱਕ ਬੈਂਕ ਵੀ ਸਥਾਪਿਤ ਕੀਤਾ ਗਿਆ ਹੈ ਤਾਂ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਵਾਂਝਾ ਨਾ ਰਹੇ ਅਤੇ ਨਵੇਂ ਸੈਸ਼ਨ ਦੀ ਪੜ੍ਹਾਈ ਨਿਰਵਿਘਨ ਸ਼ੁਰੂ ਕਰ ਸਕੇ।

# ਨੌਜਵਾਨ ਦਾ ਤੜਕਸਾਰ ਹੋਇਆ ਕਤਲ

**ਪਟਿਆਲਾ//ਇਕਬਾਲ ਸਿੰਘ:** ਅੱਜ ਸਵੇਰੇ ਤਕਰੀਬਨ ਛੇ ਵਜੇ ਦੇ ਕਰੀਬ ਸ੍ਰੀ ਕਾਲੀ ਮਾਤਾ ਮੰਦਰ ਤੋਂ ਕੁਝ ਦੂਰ ਇਕ ਨੋਜਵਾਨ ਲੜਕੇ ਉੱਪਰ ਛੁਰੇ ਨਾਲ ਵਾਰ ਕੀਤਾ ਗਿਆ ਜਿਸ ਵਿੱਚ ਉਸ ਦੀ ਮੌਤ ਹੋ ਗਈ। ਇਸ ਘਟਨਾ ਦੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਮੈਂ ਸਮਾਣੇ ਜਾਂ ਹਰਸ਼ਿਤਾ ਮੇਰੇ ਸਤਾਰਾਂਵ ਸਾਲਾਂ ਦੇ ਦੂਸਰੇ ਪੁੱਤਰ ਨੇ ਦੱਸਿਆ ਕਿ ਇਸ ਤਰ੍ਹਾਂ ਦੀ ਘਟਨਾ ਵਾਪਰ ਗਈ ਹੈ ਇਸ ਸਭ ਦੇ ਪਿੱਛੇ ਹੁਣ ਅੰਦੇਸ਼ਾ ਜਤਾਇਆ ਕੀ ਇਹ ਜਾਇਦਾਦ ਪਿੱਛੇ ਕਿਸੇ ਵੱਲੋਂ ਕਰਵਾਇਆ ਗਿਆ ਕਤਲ ਹੈ



ਜਦਕਿ ਇਸ ਬਾਰੇ ਐੱਸ ਐੱਸ ਪੀ ਹਰਪਾਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਇਹ ਨੌਜਵਾਨ ਮੱਥਾ ਟੇਕਣ ਵਾਸਤੇ ਮੰਦਰ ਆਇਆ ਸੀ ਤੇ ਉਸ ਉੱਪਰ ਕੁਝ ਨੌਜਵਾਨਾਂ ਵੱਲੋਂ ਹਮਲਾ ਕਰ ਦਿੱਤਾ ਗਿਆ ਤਾਂ ਇਕੋ ਹੀ ਵਾਰ ਕੀਤਾ ਗਿਆ ਜੋ ਕਿ ਦਿਲ ਵਾਲੀ ਸਾਈਡ ਤੇ ਸੀ ਤੇ ਮੌਕੇ ਤੇ ਹੀ ਲੜਕੇ ਦੀ ਮੌਤ ਹੋ ਗਈ ਐੱਸਪੀ ਹਰਪਾਲ ਚੀਮਾ ਮੁਤਾਬਕ ਦਿਲ ਵਿੱਚ ਛੁਰਾ ਲੱਗਣ ਕਾਰਨ ਮੌਤ ਹੋਈ ਹੈ ਅਤੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਅਤੇ ਮੌਕੇ ਤੋਂ ਕੁੱਲੂ ਇਕੱਠੇ ਕੀਤੇ ਜਾ ਰਹੇ ਹਨ।

# ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ - ਜਗਜੀਤ ਸਿੰਘ ਰੰਧਾਵਾ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਭਗਵੰਤ ਸਿੰਘ ਮਾਨ ਸਰਕਾਰ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੇਂਟ ਸੋਲਜਰ ਸੀਨੀਅਰ ਸਟੱਡੀ ਸਕੂਲ ਫਤਿਹਪੁਰ ਰਾਜਪੂਤਾਂ ਦੇ ਐਮਡੀ ਜਗਜੀਤ ਸਿੰਘ ਰੰਧਾਵਾ ਤੇ ਚੇਅਰਪਰਸਨ ਮੈਡਮ ਰਜਵੰਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਸਰਕਾਰ ਤੋਂ ਲੋਕਾਂ ਨੂੰ ਬਹੁਤ ਹੀ ਉਮੀਦਾਂ ਹਨ ਤੇ ਅਸੀਂ ਆਸ ਕਰਦੇ ਹਾਂ ਕਿ ਸਰਕਾਰ ਲੋਕਾਂ ਦੀਆਂ ਆਸਾਂ ਤੇ ਖਰੇ ਉਤਰੇਗੀ ਓਨ੍ਹਾਂ ਨੇ ਕਿਹਾ ਕਿ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ ਇਸ ਲਈ ਪੜ੍ਹਾਈ ਦੇ ਮਹੱਤਵ ਨੂੰ ਸਮਝਣਾਂ ਚਾਹੀਦਾ ਹੈ। ਉਹਨਾਂ ਕਿਹਾ ਕਿ ਸਾਨੂੰ ਆਪਣੀ ਜ਼ਿੰਦਗੀ ਵਿੱਚ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ ਤਾਂ ਕਿ ਦਿਨੋ ਦਿਨ ਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾ ਸਕੀਏ। ਰੰਧਾਵਾ ਨੇ ਕਿਹਾ ਕਿ ਅਕਸਰ ਹੀ ਦੇਖਿਆ ਜਾਂਦਾ ਹੈ ਕਿ ਅਸੀਂ ਬੂਟੇ ਤਾਂ ਲਾ ਲੈਂਦੇ ਹਨ ਪਰ ਉਨ੍ਹਾਂ ਦੀ ਪਰਵਰਿਸ਼ ਕਰਨ ਵਿੱਚ ਕਤਾਹੀ ਕਰ ਜਾਂਦੇ ਹਾਂ ਪਰ ਸਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਇਸ ਮੌਕੇ ਤੇ ਚੇਅਰਪਰਸਨ ਮੈਡਮ ਰਜਵੰਤ ਕੌਰ, ਵਾਇਸ ਪ੍ਰਿੰਸੀਪਲ ਅਨੁਪ੍ਰੀਤ ਕੌਰ, ਮੈਡਮ ਆਰਤੀ, ਕੋਮਲਪ੍ਰੀਤ, ਕੋਮਲਪ੍ਰੀਤ ਕੌਰ, ਪਵਨਦੀਪ ਕੌਰ, ਮੈਡਮ ਅਤਰੀ, ਪਰਵੀਨ ਕੌਰ, ਸੰਦੀਪ ਕੌਰ, ਕਿਰਨ ਬਾਲਾ, ਜੈਸਮੀਨ ਕੌਰ, ਰਾਜਬੀਰ ਕੌਰ, ਗੁਰਪ੍ਰੀਤ ਕੌਰ, ਜਸਪਾਲ ਸਿੰਘ ਭੱਟੀ ਨਵਾਂ ਪਿੰਡ, ਸੁਮਨਪ੍ਰੀਤ ਕੌਰ, ਗੁਰਪ੍ਰੀਤ ਕੌਰ, ਰਾਜਬੀਰ ਕੌਰ, ਅਸ਼ਵਨੀ ਕੁਮਾਰ ਨਵਾਂ ਪਿੰਡ, ਹੀਰਾ ਸਿੰਘ ਨਵਾਂ ਪਿੰਡ, ਦੇਵ ਜੌਹਲ, ਸਰਪੰਚ ਅਮਰੀਕ ਰਾਮ, ਬਲਾਕ ਸੰਮਤੀ ਮੈਂਬਰ ਗੁਰਜੀਤ ਕੌਰ, ਪੰਚ ਬਲਰਾਜ ਸਿੰਘ ਜੌੜਾ ਨਵਾਂ ਪਿੰਡ, ਰਾਜਬੀਰ ਸਿੰਘ ਜੌਹਲ, ਰਾਜਬੀਰ ਸਿੰਘ, ਨੰਬਰਦਾਰ ਗੁਰਮੀਤ ਸਿੰਘ, ਵਰਿੰਦਰਜੀਤ ਸਿੰਘ ਢੋਟ, ਚੇਅਰਮੈਨ ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਮਨੁੱਖਤਾ ਦੇ ਭਲੇ ਲਈ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਖੂਨਦਾਨ ਕੈਂਪ ਲਾਇਆ



**ਲੁਧਿਆਣਾ/ਕਰਨ ਅਗਰਵਾਲ**

ਵਿਸਵ ਪ੍ਰਸਿਧ ਭਗਤੀ ਦਾ ਘਰ ਗੁਰਦੁਆਰਾ ਨਾਨਕਸਰ ਕਲੇਰਾਂ ਵਿਖੇ ਭਾਈ ਘੱਨ੍ਹਈਆਂ ਜੀ ਮਿਸ਼ਨ ਸੇਵਾ ਸੁਸਾਇਟੀ (ਰਜ਼ਿ) ਵਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਸਰਪ੍ਰਸਤੀ ਹੇਠ 522ਵਾਂ ਮਹਾਨ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਤੇ ਬਾਬਾ ਧਰਮਿੰਦਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਖੂਨਦਾਨ ਕੈਂਪ ਦਾ ਉਦਘਾਟਨ ਕਰਨ ਸਮੇ ਖੂਨਦਾਨ ਕਰਨ ਵਾਲੀਆਂ ਸੰਗਤਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਖੂਨ-ਦਾਨ ਰਾਹੀਂ ਅਨੇਕਾ ਮਨੁੱਖੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਤੇ ਬਾਬਾ ਧਰਮਿੰਦਰ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਨੇ ਖੂਨਦਾਨ ਕਰਨ ਵਾਲੇ ਨੌਜਵਾਨਾਂ ਪ੍ਰਣਾਮ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜੱਥੇ: ਨਿਮਾਣਾ ਨੇ ਕਿਹਾ ਕਿ ਖੂਨਦਾਨ ਕੈਂਪ ਰਾਗੀਂ ਇਕੱਤਰ ਕੀਤਾ ਗਿਆ ਬਲੱਡ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈ ਕੇ ਦਿਤਾ ਜਾਵੇਗਾ। ਅਤੇ ਦਸਿਆ ਖੂਨਦਾਨ ਕੈਂਪ ਦੋਰਾਨ 50 ਬੱਲਡ ਯੁਨਿਟ ਸਤਿਅਮ ਹਸਪਤਾਲ ਦੀ ਟੀਮਾ ਦੇ ਨਿਘੇ ਸਹਿਯੋਗ ਨਾਲ ਇਕਤਰ ਕੀਤਾ। ਇਸ ਮੌਕੇ ਤੇ ਬਾਬਾ ਗੋਰਾ ਸਿੰਘ ਨਾਨਕਸਰ,ਰਘਬੀਰ ਸਿੰਘ,ਬਾਬਾ ਗੁਰਦੌਰ ਸਿੰਘ, ਰਾਣਾ ਸਿੰਘ ਫੁਲਾਂਵਾਲ ਆਦਿ ਹਾਜਰ ਸਨ।

# ਬਲੱਡ ਡੌਨਰਜ ਸੁਸਾਇਟੀ ਗੁਰਦਾਸਪੁਰ ਨੇ ਲਗਾਇਆ 61ਵਾਂ ਖ਼ੂਨਦਾਨ ਕੈਂਪ- 36 ਯੂਨਿਟ ਖ਼ੂਨ ਹੋਇਆ ਇਕੱਤਰ



**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਟੀਮ ਬਲੱਡ ਡੌਨਰਜ ਸੁਸਾਇਟੀ ਗੁਰਦਾਸਪੁਰ ਵੱਲੋਂ ਕੋਰ ਕਮੇਟੀ ਮੈਂਬਰ ਗੁਰਵਿੰਦਰ ਸਿੰਘ ਉਰਫ਼ ਵਿੱਪਨ ਪ੍ਰਧਾਨ (ਐਨ.ਆਰ.ਆਈ ਵਿੰਗ ) ਦੇ ਜਨਮ ਦਿਨ ਮੌਕੇ ਇੱਕ ਖ਼ੂਨਦਾਨ ਕੀਤਾ ਗਿਆ ਜਿਸ ਵਿੱਚ 36 ਯੂਨਿਟ ਖ਼ੂਨ ਇਕੱਤਰ ਹੋਇਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਟੀਮ ਦੇ ਸੰਸਥਾਪਕ ਰਾਜੇਸ਼ ਕੁਮਾਰ ਬੱਬੀ ਨੇ ਦੱਸਿਆ ਕਿ ਇਸ ਨਵੇਂ ਵਿੱਤੀ ਸਾਲ ਵਿੱਚ ਸਾਡੀ ਟੀਮ ਵੱਲੋਂ ਲਗਾਇਆ ਗਿਆ ਇਹ ਦੂਸਰਾ ਕੈਂਪ ਹੈ। ਇਸ ਤੋਂ ਪਹਿਲਾਂ ਟੀਮ @ਵਾਰਿਸ ਪੰਜਾਬ ਦੇ@ ਨਾਲ ਮਿਲ ਕੇ 2 ਅਪ੍ਰੈਲ ਨੂੰ ਉੱਘੇ ਅਭਿਨੇਤਾ ਦੀਪ ਸਿੱਧੂ ਦੇ ਜਨਮ ਦਿਨ ਮੌਕੇ ਪਿੰਡ ਪਾਹੜਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ ਸੀ ਜਿਸ ਵਿੱਚ 50 ਦੇ ਕਰੀਬ ਯੂਨਿਟ ਖ਼ੂਨ ਇਕੱਤਰ ਹੋਇਆ ਸੀ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਬੀ. ਡੀ. ਐਸ ਦੇ ਮੁੱਖ ਸਲਾਹਕਾਰ ਸ਼੍ਰੀ ਅਵਤਾਰ ਸਿੰਘ ਉਰਫ਼ ਰਾਜੂ ਬ੍ਰਹਮਾ, ਜਨਰਲ ਸਕੱਤਰ ਸ਼੍ਰੀ ਪ੍ਰਵੀਨ ਅੱਤਰੀ, ਪ੍ਰੈੱਸ ਸਕੱਤਰ ਸ਼੍ਰੀ ਆਦਰਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਸ਼੍ਰੀ ਮਨੂੰ ਸ਼ਰਮਾ, ਕੋਰ ਕਮੇਟੀ ਮੈਂਬਰ ਸੁਖਵਿੰਦਰ ਮੱਲ੍ਹੀ, ਸਮਾਜ ਸੇਵੀ ਰਵਿੰਦਰ ਖੰਨਾ, ਕੇ.ਪੀ.ਐਸ ਬਾਜਵਾ, ਪੁਸ਼ਪਿੰਦਰ ਸਿੰਘ, ਆਦਿ ਮੈਂਬਰ ਹਾਜ਼ਿਰ ਹੋਏ।

# ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ 9 ਅਪ੍ਰੈਲ ਨੂੰ ਫ੍ਰੀ ਮੈਡੀਕਲ ਕੈਂਪ ਲਗਾਇਆ ਜਾਵੇਗਾ




**ਗੁਰਦਾਸਪੁਰ/ਨਵਨੀਤ ਕੁਮਾਰ**

ਦਸਮੇਸ਼ ਲੋਕ ਭਲਾਈ ਕਲੱਬ ਗੁਰਦਾਸਪੁਰ ਵੱਲੋਂ ਔਕਸਫੋਰਡ ਹਸਪਤਾਲ ਜਲੰਧਰ ਦੇ ਸਹਿਯੋਗ ਨਾਲ 9 ਅਪ੍ਰੈਲ ਦਿਨ ਸਨੀਵਾਰ ਨੂੰ ਸਵੇਰੇ 11 ਵਜੇ ਤੋਂ ਦੁਪਿਹਰ 3 ਵਜੇ ਤੱਕ ਪਿੰਡ ਸੱਦਾ ਗਰਾਉਂਡ ਦੋਰਾਂਗਲਾ ਰੋਡ (ਗੁਰਦਾਸਪੁਰ )ਵਿੱਖੇ ਫ੍ਰੀ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੈਡੀਕਲ ਕੈਂਪ ਸਬੰਧੀ ਜਾਣਕਾਰੀ ਦਸਮੇਸ਼ ਲੋਕ ਭਲਾਈ ਕਲੱਬ ਦੇ ਮੈਂਬਰ ਸਤਨਾਮ ਸਿੰਘ, ਸਤਿੰਦਰ ਸਿੰਘ, ਹਰਿੰਦਰ ਸਿੰਘ, ਬੇਅੰਤ ਸਿੰਘ, ਸਿੰਗਾਰਦੀਪ ਸਿੰਘ, ਪ੍ਰਭਜੀਤ ਸਿੰਘ ,ਗੁਰਜੀਤ ਸਿੰਘ ਆਦਿ ਵੱਲੋਂ ਸਾਂਝੇ ਤੌਰ ਤੇ ਦੱਸਿਆ ਕਿ ਇਸ ਮੈਡੀਕਲ ਕੈਂਪ ਵਿੱਚ ਡਾ ਗੁਰਬੀਰ ਸਿੰਘ ਗਿੱਲ ਡੀਐਮ (ਇੰਟਰਵੈਂਸ਼ਨਲ ਕਾਰਡੀਓਲੋਜੀ), ਐੱਮ .ਐੱਸਸੀ ਡਾਇਬੀਟੀਜ਼ (ਯੂਕੇ) ਜੋ ਲੋੜਵੰਦ ਲੋਕਾਂ ਦਾ ਫ੍ਰੀ ਚੈੱਕਅਪ ਕਰਨਗੇ ,ਜੋ ਇਸ ਮੈਡੀਕਲ ਕੈਂਪ ਵਿੱਚ ਸ਼ੂਗਰ,ਦਿਲ ਦੀਆਂ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਫ੍ਰੀ ਇਲਾਜ ਕਰਨਗੇ। ਇਸ ਸਮੇਂ ਕਲੱਬ ਵੱਲੋਂ ਇਲਾਕੇ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ 9 ਅਪ੍ਰੈਲ ਨੂੰ ਆਪਣਾ ਫ੍ਰੀ ਚੈੱਕਅਪ ਕਰਵਾਉਂਣ ਲਈ ਜਰੂਰ ਆਉਂਣ ਅਤੇ ਫ੍ਰੀ ਮੈਡੀਕਲ ਕੈਂਪ ਦਾ ਲਾਭ ਲੈਣ।

# ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ : ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ



**ਖੰਨਾ/ਤੇਜਿੰਦਰ ਸਿੰਘ ਆਰਟਿਸਟ**

ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਮਾਰਕੀਟ ਕਮੇਟੀ ਖੰਨਾ ਵਿੱਖੇ ਹਲਕਾ ਖੰਨਾ ਦੇ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਸਾਨਾਂ ਨੂੰ ਸੰਬੋਧਿਤ ਕਰਦਿਆਂ ਹੋਇਆਂ ਕੀਤਾ ਅੱਜ ਦਾਣਾ ਮੰਡੀ ਵਿੱਖੇ ਕਿਸਾਨ ਮਜ਼ਦੂਰ ਸੰਘਰਸ਼ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਰਾਜਿੰਦਰ ਸਿੰਘ ਬੈਨੀਪਾਲ, ਅੰਮ੍ਰਿਤਪਾਲ ਸਿੰਘ, ਦਲਜੀਤ ਸਿੰਘ ਸਵੈਚ ਅਤੇ ਐਸੋਸੀਏਸ਼ਨ ਦੇ ਸਮਹੁ ਔਹਦੇਦਾਰਾਂ ਵੱਲੋਂ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੂੰ ਫੁੱਲਾਂ ਦਾ ਗੁਲਦਸਤਾ ਅਤੇ ਫੁੱਲਾਂ ਦੇ ਗੱਲ ਵਿਚ ਹਾਰ ਪਾਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਵਿਧਾਇਕ ਸੌਂਦ ਨੇ ਕਿਹਾ ਕਿ ਕਿਸਾਨਾਂ ਦੀ ਐਸੋਸੀਏਸ਼ਨ ਵੱਲੋਂ ਜੋ ਉਹਨਾਂ ਨੂੰ ਵਿਸ਼ੇਸ਼ ਮਾਨ ਸਨਮਾਨ ਦਿੱਤਾ ਗਿਆ ਹੈ ਉਸ ਲਈ ਐਸੋਸੀਏਸ਼ਨ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮੰਡੀ ਦੇ ਅਧਿਕਾਰੀਆਂ, ਕਰਮਚਾਰੀਆਂ ਨੂੰ ਸਖ਼ਤ ਹਿਦਾਇਤਾਂ ਕੀਤਿਆਂ ਹਨ ਕਿ ਮੰਡੀ ਵਿੱਚ ਪਹੁੰਚਣ ਵਾਲੇ ਕਿਸਾਨਾਂ, ਜਿੰਮੀਦਾਰਾਂ ,ਆੜਤੀਆਂ, ਪੱਲੇਦਾਰਾਂ ਮਜ਼ਦੂਰਾਂ, ਮੁਨਿਮਾ ਨੂੰ ਕਿਸੇ ਵੀ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਅਧਾਰ ਤੇ ਕੀਤਾ ਜਾਵੇ ਅਤੇ ਹੋਰ ਕਿਸਾਨਾਂ ਦੀਆਂ ਕੁੱਝ ਸ਼ਹਿਰ ਸੰਬੰਧੀ ਮੰਗਾਂ ਅਤੇ ਮੰਡੀ ਸੰਬੰਧੀ ਕੁੱਝ ਸੁਝਾਅ ਵੀ ਦਿੱਤੇ ਗਏ ਹਨ ਉਹਨਾਂ ਤੇ ਵੀ ਗੌਰ ਕੀਤਾ ਜਾਵੇ ਗਾ ਇਸ ਮੌਕੇ ਪੱਤਰਕਾਰਾਂ ਦੇ ਸਵਾਲ ਪਰਿਪੇਡ ਮੀਟਰਾਂ ਬਾਰੇ ਉਹਨਾਂ ਕਿਹਾ ਕਿ ਪੰਜਾਬ ਵਿੱਚ ਪਰਿਪੇਡ ਮੀਟਰ ਨਹੀਂ ਲੱਗਣ ਗੇਂ ਉਸਦੀ ਜਗ੍ਹਾ ਸਮਾਰਟ ਮੀਟਰ ਲੱਗਣ ਗੇਂ ਦੂਜੇ ਜੋ ਖੰਨਾ ਨੂੰ ਜਿਲ੍ਹਾਂ ਬਣਾਉਣ ਦੀ ਮੰਗ ਹੈ ਇਹ ਪੰਜਾਬ ਪੱਧਰ ਦੀ ਮੰਗ ਹੈ ਇਹ ਮੰਗ ਮੁੱਖ ਮੰਤਰੀ ਸਾਹਿਬ ਕੋਲ ਰਖਾਂ ਗੇਂ ਕਿਉਂਕਿ ਇਹ ਜਾਇਜ਼ ਮੰਗ ਹੈ ਉਹਨਾਂ ਨੂੰ ਕਹਾਂਗੇ ਕਿ ਇਹ ਮੰਗ ਜਰੂਰ ਪੂਰੀ ਕਰਨ

ਦੂਜੇ ਜੋ ਜੀ ਟੀ ਰੋਡ ਦਾ ਪਰਪੋਜਲ ਹੈ ਜੋ 7 ਮੀਟਰ ਚੋੜੀ ਲੁੱਕ ਦੀ ਸੜਕ ਹੈ ਉਸਤੇ 7,8 ਫੁੱਟ ਦਾ ਫੁੱਟਪਾਥ ਬਣਾਕੇ ਜਿੰਨੇ ਵੀ ਸਰਕਾਰੀ ਬਿਜਲੀ ਬੋਰਡ ਜਾਂ ਹੋਰ ਪੋਲ ਹਨ ਉਹ 22 ਮੀਟਰ ਵਿਚ ਸਾਰੇ ਪੋਲ ਲਾਈਨ ਵਿੱਚ ਲਗਵਾ ਦਿੱਤੇ ਜਾਣਗੇਂ ਜਿਸ ਨਾਲ ਸ਼ਹਿਰ ਦੀ ਟਰੈਫਿਕ ਦੀ ਅਤੇ ਪਾਰਕਿੰਗ ਦੀ ਸਮੱਸਿਆ ਹਲ ਹੋਵੇਗੀ ਇਸ ਸਕੀਮ ਤੇ ਕਰੋੜਾਂ ਰੁਪਏ ਖਰਚ ਆਉਣ ਗੇਂ ਜੋ ਉਹ ਪੰਜਾਬ ਦੇ ਫਾਇਨਾਂਸ ਮਨਿਸਟਰ ਸਾਹਿਬ ਤੋਂ ਪਾਸ ਕਰਵਾ ਲਿਆਵਾਂ ਗੇਂ ਅਤੇ ਖੰਨਾ ਸ਼ਹਿਰ ਦੀ ਜ਼ਿੰਦਗੀ ਭਰ ਦੀ ਸਮੱਸਿਆ ਦਾ ਹੱਲ ਹੋ ਜਾਵੇਗਾ ਅਤੇ ਇਹ ਪ੍ਰੋਜੈਕਟ ਕਰੀਬ ਦੋ ਸਾਲਾਂ ਵਿੱਚ ਪੂਰਾ ਹੋ ਜਾਵੇਗਾ ਮੌਕੇ ਤੇ ਕਿਸਾਨ ਮਜਦੂਰ ਸੰਘਰਸ਼ ਐਸੋਸੀਏਸ਼ਨ, ਪੰਜਾਬ ਦੇ ਕਿਸਾਨ ਆਗੂ ਰਾਜਿੰਦਰ ਸਿੰਘ ਬੈਨੀਪਾਲ ਪ੍ਰਧਾਨ , ਕਸ਼ਮੀਰ ਸਿੰਘ, ਅਵਤਾਰ ਸਿੰਘ, ਸਤਨਾਮ ਸਿੰਘ, ਕੈਪਟਨ ਨੰਦ ਲਾਲ, ਅਮ੍ਰਿਤ ਪਾਲ ਸਿੰਘ, ਦਵਿੰਦਰ ਸਿੰਘ, ਨੇਤਰ ਸਿੰਘ, ਦਲਜੀਤ ਸਿੰਘ ਸਵੇਚ,ਕਰਮ ਚੰਦ,ਜਗਤਾਰ ਸਿੰਘ ਰਤਨਹੇੜੀ, ਰਾਜਬੀਰ ਸ਼ਰਮਾ,ਮਹੇਸ਼ ਕੁਮਾਰ,ਤਰਿੰਦਰ ਗਿਲ,ਲਛਮਣ ਸਿੰਘ ਗਰੇਵਾਲ, ਗੁਰਮਿੰਦਰ ਸਿੰਘ ,ਜਸਵਿੰਦਰ ਸਿੰਘ ਬਲਿੰਗ,ਵਰਿੰਦਰ ਸਿੰਘ ਗੋਹ ,ਸੁਖਵਿੰਦਰ ਸਿੰਘ ਲਲਹੇੜੀ ਆਦਿ ਹਾਜ਼ਰ ਸਨ।

# 8 ਅਪ੍ਰੈਲ ਨੂੰ ਡੀ ਸੀ ਦਫਤਰ ਅੱਗੇ ਧਰਨੇ ਸਬੰਧੀ ਤਿਆਰੀਆਂ ਮੁਕੰਮਲ : ਪ੍ਰਧਾਨ ਦਿਆਲ ਸਿੰਘ (ਮੀਆਵਿੰਡ)



**ਖਡੂਰ ਸਾਹਿਬ/ਜੱਜ ਕੰਡਾ**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜੋਨ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਜੋਨ ਖਡੂਰ ਸਾਹਿਬ ਵੱਲੋ ਇਕ ਮੀਟਿੰਗ ਜੋਨ ਪ੍ਰਧਾਨ ਮੁਕਤਾਰ ਸਿੰਘ ਬਿਹਾਰੀਪੁਰ, ਜੋਨ ਪ੍ਰਧਾਨ ਦਿਆਲ ਸਿੰਘ ਮੀਆਵਿੰਡ ਅਤੇ ਜੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਪ੍ਰਧਾਨਗੀ ਹੇਠ ਕੀਤੀ ਗਈ ਜਿਸ ਵਿੱਚ 8 ਅਪ੍ਰੈਲ ਨੂੰ ਡੀ ਸੀ ਦਫਤਰ ਤਰਨਤਾਰਨ ਵਿਖੇ ਲੱਗਣ ਵਾਲੇ ਧਰਨੇ ਦੀਆਂ ਤਿਆਰੀਆਂ ਸਬੰਧੀ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਕਿਸਾਨਾਂ ਮਜਦੂਰਾਂ ਦੇ ਲੰਮੇ ਸਮੇਂ ਤੋ ਲਟਕਦੇ ਸਾਰੇ ਮਸਲਿਆਂ ਨੂੰ ਤੁਰੰਤ ਹੱਲ ਕੀਤਾ ਜਾਵੇ ਅਤੇ ਕੇਂਦਰ ਸਰਕਾਰ ਵੱਲੋ ਪੰਜਾਬ ਵਿੱਚ ਲਗਾਏ ਜਾ ਰਹੇ ਪ੍ਰੀਪੇਡ ਮੀਟਰ ਲਾਉਣ ਦੇ ਹੁਕਮ ਦਾ ਸਮੁੱਚੀਆਂ ਜਥੇਬੰਦੀਆਂ ਵਿਰੋਧ ਕਰਨਗੀਆਂ। ਪੰਜਾਬ ਦੇ ਕਿਸੇ ਵੀ ਪਿੰਡ ਪ੍ਰੀਪੇਡ ਮੀਟਰ ਨਹੀ ਲੱਗਣ ਦਿੱਤੇ ਜਾਣਗੇ।ਕਿਸਾਨ ਆਗੂਆਂ ਨੇ ਕਣਕ ਦੇ ਸੀਜ਼ਨ ਦੌਰਾਨ ਪੰਜਾਬ ਸਰਕਾਰ ਅਤੇ ਪਾਵਰ ਕਾਰਪੋਰੇਸ਼ਨ ਵਿਭਾਗ ਨੂੰ ਸੁਚੇਤ ਕਰਦਿਆਂ ਕਿਹਾ ਕਿ ਢਿਲੀਆਂ ਤਾਰਾਂ ਕੱਸੀਆ ਜਾਣ ਅਤੇ ਜਿਸ ਜਗ੍ਹਾ ਤੇ ਖੰਭਿਆਂ ਦੀ ਲੋੜ ਹੈ ਉਸ ਜਗਾ ਖੰਭੇ ਲਗਾਏ ਜਾਣ ਅਤੇ ਫਾਇਰ ਬ੍ਰਿਗੇਡ ਗੱਡੀਆਂ ਹਰ ਬਲਾਕ ਵਿਚ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਅੱਗ ਲੱਗਣ ਤੇ ਤਰੁੰਤ ਸਮੇਂ ਸਿਰ ਕਾਬੂ ਪਾਇਆ ਜਾ ਸਕੇ ਉਨ੍ਹਾਂ ਕਿਹਾ ਕਿ ਝੋਨੇ ਦੇ ਸੀਜ਼ਨ ਤੋ ਪਹਿਲਾਂ ਬਿਜਲੀ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਜਾਣ ਤਾਂ ਜੋ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ ਨੂੰ ਕੋਈ ਤੰਗੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ਪੰਜਾਬ ਸਰਕਾਰ ਅਤੇ ਨਹਿਰੀ ਵਿਭਾਗ ਨੂੰ ਵੀ ਕਿਹਾ ਕਿ ਨਹਿਰਾਂ, ਸੂਏ ਅਤੇ ਕੱਸੀਆਂ ਦੀ ਸਫਾਈ ਕਰਵਾਈ ਜਾਵੇ ਅਤੇ ਸੀਜ਼ਨ ਦੌਰਾਨ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਪਹੁੰਚਦਾ ਕੀਤਾ ਜਾਵੇ।ਇਸ ਦੌਰਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚੋ ਪੰਜਾਬ ਦੀ ਪੱਕੀ ਮੈਂਬਰੀ ਰੱਦ ਕਰਕੇ ਅਤੇ ਚੰਡੀਗੜ੍ਹ ਵਿੱਚ ਮੁਲਾਜ਼ਮਾਂ ਤੇ ਕੇਂਦਰੀ ਰੂਲ ਲਾਗੂ ਕਰ ਕੇ ਸਾਬਿਤ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਪੰਜਾਬ ਨਾਲ ਹੋਰ ਧੱਕੇਸ਼ਾਹੀ ਕਰੇਗੀ ਜੋ ਕਿ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀ ਕਰਨਗੇ।

ਇਸ ਮੌਕੇ ਜੋਨ ਪ੍ਰੈਸ ਸਕੱਤਰ ਹਰਜਿੰਦਰ ਸਿੰਘ ਘੱਗੇ, ਭਗਵਾਨ ਸਿੰਘ ਸੰਘਰ, ਸੁਖਚੈਨ ਸਿੰਘ ਅੱਲੋਵਾਲ, ਗੁਰਵਿੰਦਰ ਸਿੰਘ ਕੋਟਲੀ, ਲਵਜੀਤ ਸਿੰਘ ਖੋਜਕੀਪੁਰ, ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਬਲਬੀਰ ਸਿੰਘ ਬੱਬੂ ਰਾਮਪੁਰ,ਹਰਪਾਲ ਸਿੰਘ ਜਲਾਲਾਬਾਦ,ਕਾਹਨ ਸਿੰਘ ਗਗੜੇਵਾਲ,ਅਮਨਦੀਪ ਸਿੰਘ ਸਾਹ ਭਲੋਜਲਾ, ਜਗਜੀਤ ਸਿੰਘ ਭਲੋਜਲਾ,ਗੁਰਦੀਪ ਸਿੰਘ ਗਿੱਲ ਕਲੇਰ,ਗੁਰਚਰਨ ਸਿੰਘ ਬਾਬਾ ਨਾਗੋਕੇ, ਪਰਮਜੀਤ ਸਿੰਘ ਬਾਠ,ਦਾਰਾਪੁਰ,ਪਾਖਰ ਸਿੰਘ ਲਾਲਪੁਰਾ, ਤਰਸੇਮ ਸਿੰਘ ਏਕਲਗੱਡਾ, ਸੁਖਦੇਵ ਸਿੰਘ ਘੱਗੇ,ਹਰਪਾਲ ਸਿੰਘ ਜਵੰਦਪੁਰ ਤੋ ਇਲਾਵਾ ਵੱਖ-ਵੱਖ ਪਿੰਡਾਂ ਤੋ ਕਿਸਾਨ ਮਜ਼ਦੂਰ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਗੁੱਗਾ ਮਾੜੀ ਸੇਵਾ ਸੰਮਤੀ ਵੱਲੋਂ ਟਰੱਕ ਯੂਨੀਅਨ ਰਾਏਕੋਟ ਦੇ ਪ੍ਰਧਾਨ ਬਰਿੰਦਰਜੀਤ ਸਿੰਘ ਗਿੱਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ



**ਰਾਏਕੋਟ/ਗੁਰਭਿੰਦਰ ਗੁਰੀ**

ਗੁੱਗਾ ਮਾੜੀ ਸੇਵਾ ਸੰਮਤੀ ਦੀ ਪ੍ਰਬੰਧਕ ਕਮੇਟੀ ਵੱਲੋਂ ਚੇਅਰਮੈਨ ਮਨੋਹਰ ਲਾਲ ਲਾਡੀ,ਪਧਾਨ ਨਰਿੰਦਰ ਡਾਬਰ ਦੀ ਅਗਵਾਈ ਚ ਟਰੱਕ ਯੂਨੀਅਨ ਰਾਏਕੋਟ ਦੇ ਸਰਬ ਸੰਮਤੀ ਚੁਣੇ ਪ੍ਰਧਾਨ ਆਪ ਪਾਰਟੀ ਦੇ ਯੂਥ ਆਗੂ ਬਿੰਦਰਜੀਤ ਸਿੰਘ ਗਿੱਲ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਚੇਅਰਮੈਨ ਮਨੋਹਰ ਲਾਲ ਲਾਡੀ ਤੇ ਪ੍ਰਧਾਨ ਨਰਿੰਦਰ ਕੁਮਾਰ ਨੇ ਸਮੂਹ ਟਰੱਕ ਅਪ੍ਰੇਰਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਬੜਾ ਮਾਣ ਹੈ ਕਿ ਬਿੰਦਰਜੀਤ ਸਿੰਘ ਗਿੱਲ ਵਰਗੇ ਮਿਹਨਤੀ ਨੌਜਵਾਨ ਨੂੰ ਟਰੱਕ ਯੂਨੀਅਨ ਦੀ ਕਮਾਨ ਸੰਭਾਲੀ ਹੈ । ਜੋ ਕਿ ਟਰੱਕ ਯੂਨੀਅਨ ਨੂੰ ਬੁਲੰਦੀਆਂ ਤੇ ਲਿਜਾਣ ਚ ਕੋਈ ਬਾਕੀ ਨਹੀ ਛੱਡਣਗੇ ਉਪਰੋਕਤ ਆਗੂਆਂ ਨੇ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਜਿਹਨਾਂ ਦੇ ਯਤਨਾਂ ਸਦਕਾ ਟਰੱਕ ਯੂਨੀਅਨ ਨੂੰ ਇੱਕ ਮਿਹਨਤੀ ਤੇ ਇਮਾਨਦਾਰ ਪ੍ਰਧਾਨ ਮਿਲਿਆ ਹੈ ।ਇਸ ਮੌਕੇ ਨਵਨਿਯੁਕਤ ਪ੍ਰਧਾਨ ਬਿੰਦਰਜੀਤ ਸਿੰਘ ਗਿੱਲ ਨੇ ਆਪਣੇ ਸਨਮਾਨ ਲਈ ਸਮੁੱਚੀ ਗੁਗਾ ਮਾੜੀ ਸੇਵਾ ਸੰਮਤੀ ਦਾ ਧੰਨਵਾਦ ਕੀਤਾ ।ਇਸ ਮੌਕੇ ਉਜਾਗਰ ਸਿੰਘ ਸਾਬਕਾ ਪ੍ਰਧਾਨ ਟਰੱਕ ਯੂਨੀਅਨ,ਇੰਦਰਪਾਲ ਗੋਲਡੀ,ਚੇਅਰਮੈਨ ਮਨੋਹਰ ਲਾਲ ਲਾਡੀ,ਪ੍ਰਧਾਨ ਨਰਿੰਦਰ ਕੁਮਾਰ ਡਾਬਰ,ਜਗਤਾਰ ਸਿੰਘ ਤਾਰਾ ਤਲਵੰਡੀ,ਰਾਜਦੀਪ ਸਿੰਘ ਆਂਡਲੂ,ਹਨੀ ਗਿੱਲ,ਬਲਵੰਤ ਸਿੰਘ ਜੰਟਾ,ਡਾ:ਸਾਮ ਸੁੰਦਰ,ਕੁਲਦੀਪ ਸਿੰਘ ਕੱਦੂ ਜੌਹਲਾਂ,ਸਤਿਨਾਮ ਸਿੰਘ ਸਿਵੀਆਂ,ਅਮਨ ਸ਼ਰਮਾ,ਬੱਬੂ ਰਾਏਕੋਟ,ਮੋਹਿਤ ਸਰਮਾ,ਠਾਕੁਰ ਦੱਤ,ਸੁਰਿੰਦਰ ਕੁਮਾਰ ਕੈਸੀਅਰ,ਪਰਗਟ ਸੀਲੋਆਣੀ,ਅਸ਼ੋਕ ਕੁਮਾਰ ਨਿਹਾਲਾ,ਨੀਰਜ ਗੋਇਲ ਆਦਿ ਹਾਜ਼ਰ ਸਨ ।

# ਨਗਰ ਸੁਧਾਰ ਟਰੱਸਟ ਦੇ ਪੀੜਤ ਕਿਸਾਨਾਂ ਦਾ ਵਫ਼ਦ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿਚ ਏ ਡੀ ਸੀ ਗੁਰਦਾਸਪੁਰ ਨੂੰ ਮਿਲਿਆ

**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਪੀਡ ?ਤ ਕਿਸਾਨਾਂ ਦਾ ਧਰਨਾ ਅੱਜ ਸਤਾਸੀ ਵੇਂ ਦਿਨ ਵੀ ਜਾਰੀ ਰਿਹਾ ।ਮੁਆਵਜ਼ਾ ਲੈਣ ਦੀ ਮੰਗ ਕਰਨ ਲਈ ਪੀੜਤ ਕਿਸਾਨਾਂ ਦਾ ਇਕ ਵਫ਼ਦ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਏਡੀਸੀ ਗੁਰਦਾਸਪੁਰ ਸਾਹਿਬਾ ਨੂੰ ਮਿਲਿਆ ।ਕਿਉਂਕਿ ਹੋਣਾ ਚੇਅਰਮੈਨ ਨੂੰ ਹਟਾ ਕੇ ਸਾਰੇ ਅਧਿਕਾਰ ਡਿਪਟੀ ਕਮਿਸ਼ਨਰ ਸਾਹਿਬ ਗੁਰਦਾਸਪੁਰ ਨੂੰ ਸੌਂਪ ਦਿੱਤੇ ਗਏ ਹਨ ਅਤੇ ਉਨ੍ਹਾਂ ਨੇ ਅੱਗੋਂ ਸਾਰਾ ਪ੍ਰਬੰਧ ਅਤੇ ਨਿਗਰਾਨੀ ਲਈ ਏ ਡੀ ਸੀ ਸਾਹਿਬਾਂ ਨੂੰ ਸੌਂਪਿਆ ਹੋਇਆ ਹੈ ।ਮੀਟਿੰਗ ਵਿੱਚ ਮੰਗ ਕੀਤੀ ਗਈ ਕਿ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ ਅਤੇ ਕਿਸਾਨਾਂ ਨਾਲ ਬਹੁਤ ਧੱਕਾ ਹੋਇਆ ਹੈ ਇਸ ਨੂੰ ਦੂਰ ਕਰਨ ਲਈ ਜਲਦੀ ਤੋਂ ਜਲਦੀ ਸਾਰੇ ਕਿਸਾਨਾ ਨੂੰ ਉਨ੍ਹਾਂ ਦਾ ਬਣਦਾ ਸਾਰਾ ਸਾਰਾ ਮੁਆਵਜ਼ਾ ਅਦਾ ਕੀਤਾ ਜਾਵੇ ।ਏਡੀਸੀ ਵੱਲੋਂ ਦੱਸਿਆ ਗਿਆ ਕਿ ਇੱਕ ਕਰੋੜ ਰੁਪਿਆ ਇਕ ਦੋ ਦਿਨ ਤੱਕ ਹੀ ਅਦਾ ਕਰ ਦਿੱਤਾ ਜਾਵੇਗਾ ਅਤੇ ਬਾਕੀ ਦੀ ਰਕਮ ਵੀ ਜਲਦੀ ਤੋਂ ਜਲਦੀ ਪ੍ਰਬੰਧ ਕਰ ਕੇ ਸਾਰੀ ਹੀ ਅਦਾ ਕਰ ਦਿੱਤੀ ਜਾਵੇਗੀ ।ਉਨ੍ਹਾਂ ਇਹ ਵੀ ਗੱਲ ਮੰਨੀ ਕਿ ਜਿੰਨਾ ਚਿਰ ਤਕ ਇਨ੍ਹਾਂ ਪੀੜਤ ਕਿਸਾਨਾਂ ਦਾ ਮੁਆਵਜ਼ਾ ਨਹੀਂ ਦਿੱਤਾ ਜਾਂਦਾ ਨਗਰ ਸੁਧਾਰ ਟਰੱਸਟ ਵਿੱਚ ਹੋਰ ਕਿਸੇ ਕਿਸਮ ਦਾ ਕੋਈ ਖਰਚਾ ਨਹੀਂ ਕੀਤਾ ਜਾਵੇਗਾ ।ਵਫ਼ਦ ਵੱਲੋਂ ਇਹ ਵੀ ਮੰਗ ਕੀਤੀ ਗਈ ਕਿ ਨਗਰ ਸੁਧਾਰ ਟਰੱਸਟ ਬੈਂਕਾਂ ਤੋਂ ਕਰਜ਼ਾ ਲੈ ਕੇ ਕਿਸਾਨਾਂ ਦਾ ਮੁਆਵਜ਼ਾ ਅਦਾ ਕਰ ਸਕਦਾ ਹੈ ਅਤੇ ਬਿਹਤਰ ਹੋਵੇ ਇਸ ਤਜਵੀਜ਼ ਨੂੰ ਅਮਲ ਵਿੱਚ ਲਿਆਂਦਾ ਜਾਵੇ। ਏ ਡੀ ਸੀ ਸਾਹਿਬਾਂ ਨੇ ਇਸ ਤਜਵੀਜ਼ ਬਾਰੇ ਗੌਰ ਕਰਨ ਤੇ ਵੀ ਸਹਿਮਤੀ ਭਰੀ ।ਵਫ਼ਦ ਨੇ ਇਹ ਵੀ ਕਿਹਾ ਕਿ ਜਿੰਨਾ ਚਿਰ ਤਕ ਪੂਰਾ ਪੂਰਾ ਮੁਆਵਜ਼ਾ ਨਹੀਂ ਮਿਲਦਾ ਉਨ੍ਹਾਂ ਚਿਰ ਤਕ ਇਹ ਧਰਨਾ ਲਗਾਤਾਰ ਜਾਰੀ ਰਹੇਗਾ ਇਸ ਲਈ ਇਸ ਦਾ ਨਿਪਟਾਰਾ ਜਲਦੀ ਤੋਂ ਜਲਦੀ ਕੀਤਾ ਜਾਵੇ ।ਬਾਅਦ ਵਿਚ ਮੀਟਿੰਗ ਉਪਰੰਤ ਆਗੂਆਂ ਨੇ ਮੀਟਿੰਗ ਨੂੰਹ ਤਸੱਲੀਬਖ਼ਸ਼ ਆਖਿਆ ਅਤੇ ਆਸ ਕੀਤੀ ਕਿ ਇਹ ਅਦਾਇਗੀਆਂ ਦਾ ਕਾਰਜ ਜਲਦੀ ਹੋ ਸਕਦਾ ਹੈ ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਮੱਖਣ ਸਿੰਘ ਕੁਹਾੜ ਬਲਬੀਰ ਸਿੰਘ ਰੰਧਾਵਾ ਸੁਖਦੇਵ ਸਿੰਘ ਭੋਜਰਾਜ ਸੁਖਦੇਵ ਰਾਜ ਬਹਿਰਾਮਪੁਰ ਅਜੀਤ ਸਿੰਘ ਹੁੰਦਲ ਗੁਰਮੀਤ ਸਿੰਘ ਥਾਣੇਵਾਲ ਸਰਵਨ ਸਿੰਘ ਭੋਲਾ,ਅਮਰਕਰਾਤੀ, ਪ੍ਰੇਮ ਮਸੀਹ ਸੋਨਾ , ਕਪੂਰ ਸਿੰਘ ਘੁੰਮਣ ,ਗੁਰਿੰਦਰ ਸਿੰਘ, ਬਲਪ੍ਰੀਤ ਸਿੰਘ ਘੁਰਾਲਾ , ਅਜੈ ਕੁਮਾਰ ਸੰਘੌਰ, ਅਮਰਜੀਤ ਕੌਰ ,ਸੁਰਜੀਤ ਕੁਮਾਰ, ਰਜਿੰਦਰ ਸਿੰਘ ਸੋਨਾ, ਤੇਜਬੀਰ ਸਿੰਘ ਚਾਹਲ, ਬਲਵਿੰਦਰ ਸਿੰਘ, ਜਸਵੰਤ ਸਿੰਘ ,ਵਰਿੰਦਰ ਸਿੰਘ ਲਾਡੀ, ਜਗਦੀਪ ਸਿੰਘ ਸ਼ਿਵਰਾਜ ਸਿੰਘ, ਤੇਜਵੀਰ ਸਿੰਘ, ਬਲਵਿੰਦਰ ਕੌਰ, ਗੁਰਮੀਤ ਸਿੰਘ , ਬਿੱਟੂ ਸ਼ਮਸ਼ੇਰਪੁਰ , ਕਮਲ ਪਾਲ ਸਿੰਘ,ਟਿੰਕੂ , ਪ੍ਰੇਮ ਮਸੀਹ ਸੋਨਾ ਵਿਜੇ ਕੁਮਾਰ ਅਜੇ ਕੁਮਾਰਆਦਿ ਵੀ ਹਾਜ਼ਰ ਸਨ ।

# ਜਬਰ ਵਿਰੋਧੀ ਸੰਘਰਸ਼ ਕਮੇਟੀ ਨੇ ਆਪਣੀ ਮੀਟਿੰਗ ਉਪਰੰਤ ਐੱਸ ਐੱਸ ਪੀ ਨਾਲ ਮੀਟਿੰਗ ਕੀਤੀ



**ਗੁਰਦਾਸਪੁਰ-ਨਵਨੀਤ ਕੁਮਾਰ**

ਅੱਜ ਇੱਥੇ ਜੇਪੀਐਮਓ ਦੇ ਦਫਤਰ ਵਿਖੇ ਜ਼ਿਲ੍ਹੇ ਦੀਆਂ ਸਾਰੀਆਂ ਜਨਤਕ ਜਥੇਬੰਦੀਆਂ @ਤੇ ਆਧਾਰਤ ਬਣੀ ਜਬਰ ਵਿਰੋਧੀ ਸੰਘਰਸ਼ ਕਮੇਟੀ ਦੀ ਮੀਟਿੰਗ ਸਾਥੀ ਗੁਲਜ਼ਾਰ ਸਿੰਘ ਬਸੰਤਕੋਟ ਦੀ ਪ੍ਰਧਾਨਗੀ ਹੇਠ ਹੋਈ ।

ਮੀਟਿੰਗ ਵਿਚ ਚਾਰ ਸਾਲਾ ਮਾਸੂਮ ਬੱਚੀ ਨਾਲ ਸਕੂਲ ਵਿੱਚ ਹੋਈ ਅਤਿਅੰਤ ਘਿਨਾਉਣੀ ਘਟਨਾ ਦੇ ਹਰ ਪਹਿਲੂ ਤੇ ਵਿਚਾਰ ਕੀਤਾ ਗਿਆ ।ਮੀਟਿੰਗ ਵਿੱਚਇਸ ਕੇਸ ਦੀ ਤਫ਼ਤੀਸ਼ ਦੀ ਮੁਕੰਮਲ ਜਾਣਕਾਰੀ ਲੈਣ ਵਾਸਤੇ ਐੱਸਐੱਸਪੀ ਸਾਹਿਬ ਨੂੰ ਮਿਲਣ ਦਾ ਫੈਸਲਾ ਹੋਇਆ ।ਕਮੇਟੀ ਦੇ ਫ਼ੈਸਲੇ ਉਪਰੰਤ ਵਫ਼ਦ ਐੱਸਐੱਸਪੀ ਸਾਹਿਬ ਗੁਰਦਾਸਪੁਰ ਨੂੰ ਮਿਲਿਆ ਅਤੇ ਕੇਸ ਦੀ ਤਫ਼ਤੀਸ਼ ਦੀ ਮੁਕੰਮਲ ਜਾਣਕਾਰੀ ਪ੍ਰਾਪਤ ਕੀਤੀ ।

ਵਫ਼ਦ ਨੇ ਸਕੂਲ ਦੇ ਸਾਰੇ ਕੈਮਰੇ ਠੀਕ ਤਰ੍ਹਾਂ ਘੋਖਣ ਦੇ ਨਾਲ ਨਾਲ ਹੋਰ ਹੋਰ ਵੀ ਹਰ ਪਹਿਲੂ ਬਾਰੇ ਤਫਤੀਸ਼ ਕਰਨ ਦੀ ਗੱਲ ਆਖੀ ।ਇਹ ਵੀ ਕਿਹਾ ਗਿਆ ਕਿ ਘਟਨਾ ਕਿਸ ਥਾਂ ਤੇ ਹੋਈ ਇਸ ਬਾਰੇ ਹੋਰ ਬਰੀਕੀ ਨਾਲ ਘੋਖਿਆ ਜਾਵੇ ।ਇਸ ਬਾਰੇ ਪਹਿਲਾਂ ਹੀ ਬੜੀ ਦੇਰ ਹੋ ਚੁੱਕੀ ਹੈ ਹੋਰ ਦੇਰ ਨਾ ਕੀਤੀ ਜਾਵੇ ਅਤੇ ਦੋਸ਼ੀ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ ।ਆਗੂਆਂ ਨੇ ਕਿਹਾ ਕਿ ਜਿਉਂ ਜਿਉਂ ਦੇਰੀ ਹੋ ਰਹੀ ਹੈ ਵੱਖ ਵੱਖ ਤਰ੍ਹਾਂ ਦੀਆਂ ਅਫਵਾਹਾਂ ਦਾ ਬਾਜ਼ਾਰ ਗਰਮ ਹੋ ਰਿਹਾ ਹੈ ਜਿਸ ਨਾਲ ਪੀਡ ?ਤ ਪਰਿਵਾਰ ਨੂੰ ਹੋਰ ਵੀ ਦੁੱਖ ਪਹੁੰਚਦਾ ਹੈ ।ਦੇਰੀ ਕਾਰਨ ਲੋਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਖ਼ਦਸ਼ੇ ਪੈਦਾ ਹੋ ਰਹੇ ਹਨ ਇਸ ਲਈ ਇਸ ਦਾ ਨਿਪਟਾਰਾ ਜਲਦੀ ਤੋਂ ਜਲਦੀ ਕੀਤਾ ਜਾਵੇ ।

ਮੀਟਿੰਗ ਉਪਰੰਤ ਸੰਘਰਸ਼ ਕਮੇਟੀ ਨੇ ਐੱਸ ਐੱਸ ਪੀ ਅਤੇ ਐੱਸ ਪੀ ਡਾ ਮੁਕੇਸ਼ ਕੁਮਾਰ ਹੋਰਾਂ ਨਾਲ ਹੋਈ ਗੱਲਬਾਤ ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਫ਼ੈਸਲਾ ਕੀਤਾ ਕਿ ਅਗਰ 10 ਅਪ੍ਰੈਲ ਤੱਕ ਵੀ ਦੋਸ਼ੀ ਨਹੀਂ ਫੜਿਆ ਜਾਂਦਾ ਤਾਂ ਗਿਆਰਾਂ ਅਪ੍ਰੈਲ ਨੂੰ ਜਬਰ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਜਥੇਬੰਦਕ ਐਕਸ਼ਨ ਕੀਤਾ ਜਾਵੇਗਾ । ਮੀਟਿੰਗ ਵਿੱਚ ਗੁਲਜ਼ਾਰ ਸਿੰਘ ਬਸੰਤ ਕੋਟ ਸੁਖਦੇਵ ਸਿੰਘ ਭਾਗੋਕਾਵਾਂ ਅਮਰ ਕ੍ਰਾਂਤੀ ਐਸ ਐਮ ਰੰਧਾਵਾ ਮੱਖਣ ਸਿੰਘ ਕੁਹਾੜ ਐੱਸ ਪੀ ਸਿੰਘ ਗੋਸਲ ਡਾ ਜਗਜੀਵਨ ਲਾਲ ਅਤੇ ਅਸ਼ਵਨੀ ਕੁਮਾਰ ਰਘਬੀਰ ਸਿੰਘ ਚਾਹਲ ਅਜੀਤ ਸਿੰਘ ਹੁੰਦਲ ਅਮਰਜੀਤ ਮਨੀ ਸੁਖਦੇਵ ਰਾਜ ਬਹਿਰਾਮਪੁਰ ਜਗਜੀਤ ਸਿੰਘ ਅਲੂਣਾ ਕਪੂਰ ਸਿੰਘ ਘੁੰਮਣ ਗੁਰਮੀਤ ਸਿੰਘ ਥਾਣੇਵਾਲ ਸਟੀਫਨ ਤੇਜਾ ਬਲਬੀਰ ਸਿੰਘ ਉੱਚਾ ਧਕਾਲਾ ਆਦਿ ਹਾਜ਼ਰ ਸਨ ।

## ਗੁਰਦੁਆਰਾ ਸਾਹਿਬ ਦਾ ਨੀਹ-ਪੱਥਰ 8 ਨੂੰ

**ਲੁਧਿਆਣਾ/ਕਰਨ ਅਗਰਵਾਲ:-** ਲੋੜਵੰਦ ਅਤੇ ਬੇਸਹਾਰਾ, ਬਜ਼ੁਰਗਾਂ ਦੀ ਸਾਂਭ-ਸੰਭਾਲ ਵਾਸਤੇ ਬਣ ਰਹੀ ਇਮਾਰਤ ਭਾਈ ਕਨੱਈਆ ਜੀ ਬਿਰਧ ਆਸ਼ਰਮ ਨੇੜੇ ਨਿੱਝਰ ਕੋਲਡ ਸਟੋਰ, ਨਿੱਝਰਪੁਰਾ ਅੰਮ੍ਰਿਤਸਰ ਵਿਖੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਦੇ ਜਨਮ-ਦਿਹਾੜੇ ਨੂੰ ਸਮਰਪਿਤ ਪਹਿਲਾ ਮਹਾਨ ਗੁਰਮਤਿ ਸਮਾਗਮ ਅਤੇ ਨਗਰ-ਕੀਰਤਨ 8 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸਵੇਰੇ 9 ਵਜੇ ਤੋਂ 12 ਵਜੇ ਤੱਕ ਸਜਾਇਆ ਜਾ ਰਿਹਾ ਹੈ। ਭਾਈ ਕਨੱਈਆ ਜੀ ਬਿਰਧ ਆਸ਼ਰਮ ਦੀ ਇਮਾਰਤ ਵਿੱਚ ਗੁਰਦੁਆਰਾ ਸਾਹਿਬ ਦਾ ਨੀਂਹ-ਪੱਥਰ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਹੈੱਡਗ੍ਰੰਥੀ ਸੱਚ-ਖੰਡ ਸ੍ਰੀ ਹਰਿਮੰਦਰ ਸਾਹਿਬ ਰੱਖਣਗੇ। ਭਾਈ ਨਵਨੀਤ ਸਿੰਘ ਜੀ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਭਲਾਈ ਕੇਂਦਰ ਵਾਲੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਵੱਲੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਸਮਾਗਮ ਵਿੱਚ ਪਹੁੰਚਣ ਲਈ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

# ਗੁਰਪ੍ਰੀਤ ਬੱਸੀ ਗੋਗੀ ਵੱਲੋਂ ਮਲਹਾਰ ਰੋਡ ਅਤੇ ਸਰਾਭਾ ਨਗਰ ਮਾਰਕੀਟ ਦਾ ਕੀਤਾ ਦੌਰਾ, ਇਲਾਕਾ ਨਿਵਾਸੀਆਂ ਅਤੇ ਦੁਕਾਨਦਾਰਾਂ ਨਾਲ ਕੀਤੀ ਮੀਟਿੰਗ

**ਲੁਧਿਆਣਾ/ਸੁਖਚੈਨ ਮਹਿਰਾ**

ਆਮ ਆਦਮੀ ਪਾਰਟੀ ਦੇ ਹਲਕਾ ਲੁਧਿਆਣਾ ਪੱਛਮੀ ਤੋਂ ਵਿਧਾਇਕ ਸ੍ਰੀ ਗੁਰਪ੍ਰੀਤ ਬੱਸੀ ਗੋਗੀ ਵੱਲੋਂ ਅੱਜ ਮਲਹਾਰ ਰੋਡ ਅਤੇ ਸਰਾਭਾ ਨਗਰ ਮਾਰਕੀਟ ਦਾ ਦੌਰਾ ਕੀਤਾ ਅਤੇ ਇਲਾਕਾ ਨਿਵਾਸੀਆਂ ਅਤੇ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਇਲਾਕਾ ਨਿਵਾਸੀਆਂ ਦੀ ਮੰਗ ਹੈ ਕਿ ਟ੍ਰੈਫਿਕ ਦੀ ਸਮੱਸਿਆ ਕਰਕੇ ਇਸ ਰੋਡ ਨੂੰ ਸਮਾਰਟ ਸਿਟੀ ਪ੍ਰੋਜੈਕਟ ਰੋਡ ਤਹਿਤ ਚੌੜਾ ਕੀਤਾ ਜਾਵੇ ਅਤੇ ਰੋਡ ਨੂੰ ਦੋਨਾਂ ਸਾਈਡਾਂ ਤੋਂ ਹੋਰ ਖੋਲ੍ਹਿਆ ਜਾਵੇ ਜਿਸ ਤਹਿਤ ਉਨ੍ਹਾਂ ਵੱਲੋਂ ਅੱਜ ਨਿੱਜੀ ਤੌਰ @ਤੇ ਇਲਾਕਾ ਨਿਵਾਸੀਆਂ ਅਤੇ ਦੁਕਾਨਦਾਰਾਂ ਨਾਲ ਮਿਲ ਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।



ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋ ਇੱਕ ਸਰਵੇ ਕੀਤਾ ਜਾਵੇਗਾ ਜਿਸ ਦੇ ਮੱਦੇ ਨਜ਼ਰ ਲੋਕਾਂ ਦੀ ਜਿਹੜੀ ਵੀ ਮੰਗ ਹੋਵੇਗੀ ਉਸ ਅਨੁਸਾਰ ਸਮਾਰਟ ਸਿਟੀ ਦੇ ਅੰਦਰ ਇਸ ਰੋਡ ਨੂੰ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੜਕ ਨੂੰ ਇਸ ਤਰੀਕੇ ਨਾਲ ਚੌੜਾ ਕੀਤਾ ਜਾਵੇਗਾ ਕਿ ਲੋਕਾਂ ਨੂੰ ਆਉਣ ਜਾਣ ਲੱਗੇ ਕੋਈ ਪ੍ਰੇਸ਼ਾਨੀ ਨਾ ਆਵੇ ਅਤੇ ਜਿਹੜੇ ਦੁਕਾਨਦਾਰ ਹਨ ਉਨ੍ਹਾਂ ਨੂੰ ਵੀ ਪਾਰਕਿੰਗ ਦੀ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਸਾਰੀਆਂ ਚੀਜਾਂ ਨੂੰ ਰਿਵਿਊ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਜਿਹੜੇ ਵੀ ਫੈਸਲੇ ਹੋਣਗੇ ਉਹ ਲੋਕਾਂ ਦੀ ਸਲਾਹ ਅਤੇ ਲੋਕਾਂ ਦੀ ਮੰਗ ਅਨੁਸਾਰ ਹੀ ਲਏ ਜਾਣਗੇ ਜਿਸ ਕਰਕੇ ਇਹ ਕੰਮ ਵੀ ਹਲਕਾ ਵਾਸੀਆਂ ਦੀ ਸਲਾਹ ਅਤੇ ਸਹਿਯੋਗ ਨਾਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਸੜਕ @ਤੇ ਜਿਹੜੇ ਇਲੈਕਟ੍ਰੀਕਲ ਬੋਰਡ ਲੱਗੇ ਹਨ ਉਨ੍ਹਾਂ ਦਾ ਵੀ ਹੱਲ ਕੀਤਾ ਜਾਵੇਗਾ ਅਤੇ ਸਰਕਾਰ ਦੇ ਪੈਸੇ ਦਾ ਧਿਆਨ ਰੱਖਦੇ ਹੋਏ ਸੁਚੱਜੇ ਢੰਗ ਨਾਲ ਇਹ ਸਾਰਾ ਪ੍ਰਬੰਧ ਕਰਕੇ ਲਾਗੂ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਹਮੇਸ਼ਾ ਲੋਕਾਂ ਦੀ ਸਲਾਹ ਅਨੁਸਾਰ ਚੱਲਿਆ ਜਾਵੇਗਾ ਅਤੇ ਲੋਕਾਂ ਨੂੰ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਟ੍ਰੈਫਿਕ ਨੂੰ ਸਹੀ ਢੰਗ ਨਾਲ ਚਲਾਉਣ ਲਈ ਸਾਰਾ ਪ੍ਰਬੰਧ ਕੀਤਾ ਜਾ ਰਿਹਾ ਹੈ।

**ਕਿਹਾ ! ਇਲਾਕਾ ਨਿਵਾਸੀਆਂ ਦੀ ਮੰਗ ਹੈ ਕਿ ਟ੍ਰੈਫਿਕ ਦੀ ਸਮੱਸਿਆ ਕਰਕੇ ਇਸ ਰੋਡ ਨੂੰ ਸਮਾਰਟ ਸਿਟੀ ਪ੍ਰੋਜੈਕਟ ਰੋਡ ਤਹਿਤ ਚੌੜਾ ਕੀਤਾ ਜਾਵੇ**

# ਸਰਕਾਰੀ ਪ੍ਰਾਇਮਰੀ ਸਕੂਲ ਕੜਿਆਲ ਦਾ ਨਤੀਜਾ ਰਿਹਾ ਸ਼ਾਨਦਾਰ





**ਮੋਗਾ/ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸਰਕਾਰੀ ਪ੍ਰਾਇਮਰੀ ਸਕੂਲ ਕੜਿਆਲ ਦਾ ਨਤੀਜਾ ਅੱਜ ਮਿਤੀ 05/04/2022 ਨੂੰ ਘੋਸ਼ਿਤ ਕੀਤਾ ਗਿਆ। ਜਿਸ ਵਿੱਚ ਪਹਿਲੀ ਕਲਾਸ ਤੋਂ ਲੈ ਕੇ ਚੌਥੀ ਕਲਾਸ ਤੱਕ ਦਾ ਨਤੀਜਾ ਐਲਾਨਿਆ ਗਿਆ ਅਤੇ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ । ਸੈਂਟਰ ਹੈੱਡ ਟੀਚਰ ਸ੍ਰੀਮਤੀ ਰੁਬਿੰਦਰ ਕੌਰ ਜੀ ਵੱਲੋਂ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਦਾਨੀ ਸੱਜਣ ਸ. ਗੁਰਦੇਵ ਸਿੰਘ ਬੀ ਏ ਵੱਲੋਂ ਕਿੱਟਾਂ ਵੰਡੀਆਂ ਗਈਆਂ, ਜਿਸ ਵਿੱਚ ਸਕੂਲ ਬੈਗ, ਕਾਪੀਆਂ, ਜੁਮੈਟਰੀ, ਟਿਫ਼ਨ ਬਾਕਸ, ਪਾਣੀ ਵਾਲੀ ਬੋਤਲ ਆਦਿ ਚੀਜ਼ਾਂ ਦਿੱਤੀਆਂ ਗਈਆਂ ਅਤੇ ਪਾਸ ਹੋਣ ਵਾਲੇ ਸਾਰੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਲੱਡੂ ਵੰਡੇ ਗਏ। ਇਸ ਮੌਕੇ ਤੇ @ਸਰਬੱਤ ਦਾ ਭਲਾ ਐਨ ਆਰ ਆਈ ਸੰਸਥਾ@ ਵੱਲੋਂ ਡਾ ਗੁਰਪ੍ਰੀਤ ਸਿੰਘ ਲਾਡੀ ਅਤੇ ਇਨ੍ਹਾਂ ਦੇ ਸਾਥੀ ਮੌਜੂਦ ਸਨ ਅਤੇ ਉਨ੍ਹਾਂ ਵੱਲੋਂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ। ਇਸ ਮੌਕੇ ਤੇ ਐਚ ਟੀ ਗੌਰਵ ਸ਼ਰਮਾ (ਸ.ਪ.ਸ. ਦੌਲੇਵਾਲਾ ਮਾਇਰ) , @ਪੜ੍ਹੋ ਪੰਜਾਬ@ ਟੀਮ ਵੱਲੋਂ ਬੀ ਐੱਮ ਟੀ ਸ. ਸਵਰਨਜੀਤ ਸਿੰਘ (ਸੈਂਟਰ ਹੈੱਡ ਟੀਚਰ ਮਹਿਲ) ਅਤੇ ਬੀ ਐੱਮ ਟੀ ਸ. ਮਨਜੀਤ ਸਿੰਘ ਨੇ ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਅੱਜ ਦੇ ਇਸ ਸਾਲਾਨਾ ਨਤੀਜਾ ਸਮਾਰੋਹ ਮੌਕੇ ਤੇ ਸਕੂਲ ਦਾ ਸਮੂਹ ਸਟਾਫ ਸ੍ਰੀਮਤੀ ਰੁਬਿੰਦਰ ਕੌਰ (ਸੈਂਟਰ ਹੈੱਡ ਟੀਚਰ ਕੜਿਆਲ), ਗੁਰਮੀਤ ਸਿੰਘ, ਭਰਪੂਰ ਸਿੰਘ, ਕਿਰਨਾ ਦੇਵੀ, ਤਰਸੇਮ ਕੌਰ ਅਮਨਦੀਪ ਸਿੰਘ, ਆਂਗਨਵਾੜੀ ਸਟਾਫ਼ ਸੁਖਜੀਤ ਕੌਰ , ਮਲਕੀਤ ਕੌਰ, ਅਮਰਜੀਤ ਕੌਰ , ਪਰਮਿੰਦਰ ਕੌਰ, ਬੱਚਿਆਂ ਦੇ ਮਾਤਾ ਪਿਤਾ ਅਤੇ ਪਿੰਡ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪ੍ਰੋਮਿਲਾ ਮਨਹਾਸ਼ ਬਚਪਨ ਕਿਡਜ ਕੇਅਰ ਇੰਟਰਨੈਸ਼ਨਲ ਸਕੂਲ ਦੇ ਪ੍ਰਿੰਸੀਪਲ ਨਿਯੁਕਤ

**ਦੀਨਾਨਗਰ/ਡਾ.ਰਮੇਸ਼ ਸਰੰਗਲ**

ਬਚਪਨ ਕਿਡਜ ਕੇਅਰ ਇੰਟਰਨੈਸ਼ਨਲ ਸਕੂਲ ਅਵਾਂਖਾ ਦੀਨਾਨਗਰ ਜੋ ਕਿ ਸੀ.ਬੀ.ਐਸ.ਈ. ਦੁਆਰਾ ਮਾਨਤਾ ਪ੍ਰਾਪਤ ਹੈ ਦੀ ਮੈਨੇਜਿੰਗ ਕਮੇਟੀ ਨੇ ਸਰਬਸੰਮਤੀ ਨਾਲ ਸ਼੍ਰੀਮਤੀ ਪ੍ਰੋਮਿਲਾ ਮਨਹਾਸ ਨੂੰ ਸਕੂਲ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਹੈ । ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸ੍ਰੀ ਅਰਵਿੰਦ ਮਹਿਤਾ, ਸਕੱਤਰ ਸ੍ਰੀਮਤੀ ਮਧੁਰਭਾਸ਼ਿਨੀ ਅਤੇ ਮੈਨੇਜਰ ਸ੍ਰੀ ਸ਼ਸ਼ੀਪਾਲ ਗੁਪਤਾ ਨੇ ਉਨ੍ਹਾਂ ਨੂੰ ਆਪਣੀ ਕੁਰਸੀ @ਤੇ ਬਿਠਾਇਆ। ਇਸ ਮੌਕੇ ਪ੍ਰਧਾਨ ਅਰਵਿੰਦ ਮਹਿਤਾ ਨੇ ਕਿਹਾ ਕਿ ਸ਼੍ਰੀਮਤੀ ਪ੍ਰੋਮਿਲਾ ਮਨਹਾਸ ਸਕੂਲ ਦੇ ਉੱਜਵਲ ਭਵਿੱਖ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਤੇ ਸ਼੍ਰੀਮਤੀ ਮਧੁਰਭਾਸ਼ਿਨੀ ਨੇ ਕਿਹਾ ਕਿ ਸ਼੍ਰੀਮਤੀ ਪ੍ਰੋਮਿਲਾ ਮਨਹਾਸ ਨੂੰ ਜਿਸ ਮਕਸਦ ਲਈ ਇਸ ਵਿਦਿਅਕ ਅਦਾਰੇ ਲਈ ਨਿਯੁਕਤ ਕੀਤਾ ਗਿਆ ਹੈ, ਸਾਨੂੰ ਪੂਰੀ ਉਮੀਦ ਹੈ ਕਿ ਉਸ ਦੀ ਪੂਰਤੀ ਲਈ ਉਹ ਹਮੇਸ਼ਾ ਖਰੇ ਉਤਰਨਗੇ । ਇਸ ਮੌਕੇ ਤੇ ਨਵਨਿਯੁਕਤ ਪ੍ਰਿੰਸੀਪਲ ਸ਼੍ਰੀਮਤੀ ਪ੍ਰੋਮਿਲਾ ਮਨਹਾਸ ਨੇ ਕਿਹਾ ਕਿ ਜੋ ਸਕੂਲ ਪ੍ਰਬੰਧਕਾਂ ਵਲੋਂ ਮੈਨੂੰ ਜਿੰਮੇਵਾਰੀ ਸ਼ੋਪੀ ਗਈ ਹੈ ਉਸਨੂੰ ਬਹੁਤ ਹੀ ਤਨਦੇਹੀ ਨਾਲ ਨਿਭਾਇਆ ਜਾਵੇਗਾ ਤਾਂ ਜੋ ਸਕੂਲ ਦਿਨ ਦੁੱਗਣੀ ਰਾਤ ਚੁੱਗਣੀ ਤਰੱਕੀ ਕਰੇ ਅਤੇ ਬੁਲੰਦੀਆਂ ਨੂੰ ਛੂਹੇ। ਇਸ ਮੌਕੇ ਤੇ ਉਨ੍ਹਾਂ ਸਮੂਹ ਸਟਾਫ ਦਾ ਅਤੇ ਸਕੂਲ ਮੈਨੇਜਮੈਂਟ ਕਮੇਟੀ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ।



# ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਵੱਲੋਂ ਭਲਕੇ ਲੁਧਿਆਣਾ ਦਾ ਦੌਰਾ

**ਲੁਧਿਆਣਾ/ਸੁਖਚੈਨ ਮਹਿਰਾ**

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਸ੍ਰੀ ਏ.ਕੇ. ਸ਼ਰਮਾ ਵੱਲੋਂ ਭਲਕੇ ਲੁਧਿਆਣਾ ਦਾ ਦੌਰਾ ਕੀਤਾ ਜਾਣਾ ਹੈ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਪੰਚਾਲ ਨੇ ਦੱਸਿਆ ਕਿ ਮੈਂਬਰ ਪੰਜਾਬ ਸਟੇਟ ਫੂਡ ਕਮਿਸ਼ਨ ਸ੍ਰੀ ਏ.ਕੇ. ਸ਼ਰਮਾ ਵੱਲੋਂ ਭਲਕੇ ਸਕਰਟ ਹਾਊਸ ਵਿਖੇ ਸਵੇਰੇ 10:30 ਵਜੇ ਲਾਭਪਾਤਰੀਆਂ ਨੂੰ ਰਾਸ਼ਨ ਦੀ ਵੰਡ, ਮਿਡ-ਡੇ-ਮੀਲ ਦੀ ਵੰਡ, ਆਂਗਣਵਾੜੀ ਵਰਕਰਾਂ ਦੇ ਕੰਮ ਸਬੰਧੀ ਅਤੇ ਨੈਸ਼ਨਲ ਫੂਡ ਸਕਿਊਰਿਟੀ ਐਕਟ, 2013 ਅਧੀਨ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਤੇ ਨਿਪਟਾਰਾ ਕੀਤੀਆਂ ਗਈਆਂ ਸ਼ਿਕਾਇਤਾਂ ਦਾ ਰਿਵਿਊ ਕੀਤਾ ਜਾਣਾ ਹੈ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਪੰਚਾਲ ਨੇ ਸਬੰਧਤ ਵੱਖ-ਵੱਖ ਵਿਭਾਗਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਆਪਣੇ-2 ਵਿਭਾਗ ਨਾਲ ਸਬੰਧਤ ਮੁਕੰਮਲ ਰਿਕਾਰਡ ਤਿਆਰ ਕਰਕੇ ਭਲਕੇ 07 ਅਪ੍ਰੈਲ, 2022 (ਦਿਨ ਵੀਰਵਾਰ) ਨੂੰ ਸਰਕਟ ਹਾਊਸ ਵਿਖੇ ਸਵੇਰੇ 10:30 ਹਾਜ਼ਰ ਹੋਣਾ ਯਕੀਨੀ ਬਣਾਉਣ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਸਰਕਾਰਾਂ ਹਮੇਸ਼ਾ ਮਜ਼ਦੂਰਾਂ ਨਾਲ ਕਿਉਂ ਕਰਦੀਆਂ ਹਨ ਮਤਰੇਈ ਮਾਂ ਵਾਲਾ ਸਲੂਕ- ਵਾਹਿਗੁਰੂ ਸਿੰਘ ਕਾਬਲਵਾਲਾ



**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਅਸੀਂ ਪਿਛਲੇ ਕਈ ਸਾਲਾਂ ਤੋਂ ਵੇਖਦੇ ਆ ਰਹੇ ਹਾਂ ਕਿ ਕੋਈ ਵੀ ਸਰਕਾਰ ਹੋਵੇ ਜਿਵੇਂ ਅਕਾਲੀ ਸਰਕਾਰ ਜਾਂ ਕਾਂਗਰਸ ਸਰਕਾਰ ਜਾਂ ਆਮ ਆਦਮੀ ਦੀ ਸਰਕਾਰ ਕੋਈ ਵੀ ਸਰਕਾਰ ਹੋਂਦ ਵਿੱਚ ਆਉਂਦੀ ਹੈ ਤਾਂ ਵੇਖਿਆ ਜਾਂਦਾ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਜਾਂ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇਣ ਦੀਆਂ ਗੱਲਾਂ ਕਰਦੀਆਂ ਹਨ ਅਤੇ ਕਿਸਾਨਾਂ ਨੂੰ ਦਿੱਤੀਆਂ ਵੀ ਜਾਂਦੀਆਂ ਹਨ ਜਿਵੇਂ ਕਿ ਪਿਛਲੀ ਕਾਂਗਰਸ ਸਰਕਾਰ ਨੇ ਕਈ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਸਨ ਪਰ ਮੈਂ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮਜ਼ਦੂਰਾਂ ਸਿਰ ਕਰਜ਼ਾ ਨਹੀਂ ਹੁੰਦਾ ਕਿਉਂ ਨਹੀਂ ਸਰਕਾਰਾਂ ਮਜ਼ਦੂਰਾਂ ਦਾ ਕਰਜ਼ਾ ਮਾਫ ਕਰਨ ਦੀ ਗੱਲ ਨਹੀਂ ਕਰਦੀਆਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਜਾਂ ਅਧਿਕਾਰੀਆਂ ਨੂੰ ਪਤਾ ਨਹੀਂ ਹੁੰਦਾ ਕਿ ਮਜ਼ਦੂਰ ਸਿਰ ਕਿੰਨਾ ਕਰਜ਼ਾ ਹੈ ਮਜ਼ਦੂਰਾਂ ਦੇ ਜਿੰਨੇ ਜੀਅ ਹੁੰਦੇ ਹਨ ਹਰੇਕ ਦੇ ਸਿਰ ਕਿਸੇ ਵੀ ਕਿਸਮ ਦਾ ਕਰਜ਼ਾ ਜ਼ਰੂਰ ਹੁੰਦਾ ਹੈ ਪਰ ਕੋਈ ਵੀ ਗ਼ਰੀਬ ਆਦਮੀ ਕੋਈ ਵੀ ਕਮਾਈ ਦਾ ਸਾਧਨ ਲੈਂਦਾ ਹੈ ਤਾਂ ਜਾਂ ਘਰ ਬਣਾਉਣ ਲਈ ਕਰਜ਼ਾ ਲੈਂਦਾ ਹੈ ਤਾਂ ਉਹ ਵੀ ਕਰਜ਼ਾ ਹੀ ਹੁੰਦਾ ਹੈ ਜੇਕਰ ਗ਼ਰੀਬ ਆਦਮੀ ਸਮੇਂ ਸਿਰ ਬੈਂਕਾਂ ਦੀਆਂ ਕਿਸ਼ਤਾਂ ਨਹੀਂ ਭਰਦਾ ਤਾਂ ਉਸ ਨੂੰ ਡਿਫਾਲਟਰ ਕਰ ਦਿੱਤਾ ਜਾਂਦਾ ਹੈ ਅਤੇ ਉਸ ਨੇ ਜਿਸ ਵਾਸਤੇ ਕਰਜ਼ਾ ਲਿਆ ਹੁੰਦਾ ਹੈ ਉਸ ਦਾ ਸਾਧਨ ਵੀ ਜ਼ਬਤ ਕਰ ਲਿਆ ਜਾਂਦਾ ਹੈ ਅਤੇ ਉਸ ਨੂੰ ਡਿਫਾਲਟਰ ਕਰ ਦਿੱਤਾ ਜਾਂਦਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਉਸ ਨੂੰ ਕਿਸੇ ਵੀ ਬੈਂਕ ਤੋਂ ਕਰਜ਼ਾ ਨਹੀਂ ਮਿਲਦਾ ਫੇਰ ਉਹ ਮਜ਼ਦੂਰ ਆਸੇ ਪਾਸੇ ਮਜ਼ਦੂਰੀ ਕਰਨ ਤੋਂ ਵੀ ਵਾਂਝਾ ਰਹਿ ਜਾਂਦਾ ਹੈ ਅਤੇ ਆਪਣੇ ਪਰਿਵਾਰ ਦਾ ਪਾਲਣ ਪੋਸਣ ਵੀ ਬਹੁਤ ਮੁਸ਼ਕਲ ਨਾਲ ਚਲਾਉਂਦਾ ਹੈ ਸਾਨੂੰ ਮਜ਼ਦੂਰਾਂ ਨੂੰ ਆਪਣੀਆਂ ਮੰਗਾਂ ਪੂਰੀਆਂ ਕਰਨ ਸੰਬੰਧੀ ਧਰਨੇ ਮੁਜ਼ਾਹਰੇ ਕਰਨੇ ਪੈਂਦੇ ਹਨ ਜੋ ਕਿ ਇਕ ਆਦਮੀ ਦਿਹਾੜੀਦਾਰ ਹੈ ਦਿਹਾੜੀ ਛੱਡ ਕੇ ਆਪਣੀਆਂ ਮੰਗਾਂ ਸਬੰਧੀ ਆਪਣੇ ਜਥੇਬੰਦੀਆਂ ਨਾਲ ਧਰਨਿਆਂ ਮੁਜ਼ਾਹਰਿਆਂ ਤੇ ਜਾ ਬਹਿੰਦਾ ਹੈ ਤੇ ਪਿੱਛੋਂ ਦਿਹਾੜ ?ੀ ਦਾ ਵੀ ਕੰਮ ਖੁੱਸ ਜਾਂਦਾ ਹੈ ਇਸ ਲਈ ਸਰਕਾਰ ਨੂੰ ਅਪੀਲ ਹੈ ਕਿ ਜਿਸ ਤਰ੍ਹਾਂ ਕਿਸਾਨਾਂ ਦੀ ਸਾਰ ਲਈ ਜਾਂਦੀ ਹੈ ਉਸੇ ਤਰ੍ਹਾਂ ਹੀ ਮਜ਼ਦੂਰ ਦੀ ਵੀ ਸਾਰ ਲਈ ਜਾਵੇ ਨਹੀਂ ਤਾਂ ਆਉਣ ਵਾਲੇ ਦਿਨਾਂ ਵਿਚ ਮਜ਼ਦੂਰ ਅਤੇ ਹੋਰ ਗ਼ਰੀਬ ਵਰਗ ਦੇ ਲੋਕ ਧਰਨੇ ਮੁਜ਼ਾਹਰੇ ਕਰਨ ਲਈ ਮਜਬੂਰ ਹੋਣਗੇ ਮੈਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੀ ਵੀ ਇੱਕ ਵੋਟ ਅਤੇ ਅਮੀਰ ਦੀ ਵੀ ਇਕ ਵੋਟ ਹੈ ਫਿਰ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ ਮੌਜੂਦਾ ਸਰਕਾਰਾਂ ਨੂੰ ਵਿਸ਼ੇਸ਼ ਤੌਰ ਤੇ ਅਪੀਲ ਹੈ ਕਿ ਮਜ਼ਦੂਰਾਂ ਦਾ ਵੀ ਸਾਰ ਲਈ ਜਾਵੇ ਤਾਂ ਜੋ ਮਜ਼ਦੂਰ ਕੁਝ ਆਪਣੀ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਣ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕੁਝ ਸੌਖਾ ਕਰ ਸਕਣ ਵਾਹਿਗੁਰੂ ਸਿੰਘ ਕਾਬਲਵਾਲਾ ਪ੍ਰਧਾਨ ਫ਼ਰੀਦਕੋਟ ਵਿਮੁਕਤ ਕਬੀਲੇ ਮਹਾ ਸੰਘ ਬਾਵਰੀਆ ਸਮਾਜ ਪੰਜਾਬ।

# ਸਰਕਾਰੀ ਸਕੂਲਾਂ ਵਿਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਏ ਗਏ









**ਫਾਜ਼ਿਲਕਾ/ਗੌਰਵ ਸ਼ਰਮਾ**

ਸਿੱਖਿਆ ਵਿਭਾਗ ਵੱਲੋਂ ਅੱਜ ਸਰਕਾਰੀ ਸਕੂਲਾਂ ਵਿਚ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਏ ਗਏ।ਇਸ ਤਹਿਤ ਵੱਖ ਵੱਖ ਸਕੂਲਾਂ ਵਿਚ ਹੋਏ ਇਨ੍ਹਾਂ ਸਮਾਗਮਾਂ ਦੌਰਾਨ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।ਪਿੰਡ ਖਾਟਵਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਹੋਏ ਸਾਲਾਨਾ ਸਮਾਰੋਹ ਦੌਰਾਨ ਬੱਚਿਆਂ ਵੱਲੋਂ ਵੱਖ ਵੱਖ ਤਰ੍ਹਾਂ ਦੀਆਂ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ। ਇਸ ਦੌਰਾਨ ਪਹਿਲੀ ਤੋਂ ਚੌਥੀ ਕਲਾਸ ਤੱਕ ਦੇ ਵਿਦਿਆਰਥੀਆਂ ਨੂੰ ਮੈਡਲ ਦੇਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਤੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਤੌਰ ਤੇ ਪੁੱਜੇ ਚੌਧਰੀ ਪ੍ਰਲਾਹਦ ਖਾਟਵਾਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮਨਜੀਤ ਨਿਓਲ ਸਕੂਲ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਦਾਰਾ ਰਾਮ ਸਰਪੰਚ ਕ੍ਰਿਸ਼ਨ ਨਿਓਲ ਸਕੂਲ ਹੈੱਡ ਟੀਚਰ ਕਰਮਜੀਤ ਕੌਰ ਢਿੱਲੋਂ ਨੇ ਬੱਚਿਆਂ ਨੂੰ ਇਨਾਮ ਵੰਡੇ।

ਇਸ ਮੌਕੇ ਤੇ ਚੌਧਰੀ ਪ੍ਰਲਾਹਦ ਖਾਟਵਾਂ ਮਨਜੀਤ ਨਿਓਲ ਵੱਲੋਂ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਗਈ ਤੇ ਸਕੂਲ ਸਟਾਫ਼ ਦੀ ਪ੍ਰਸੰਸਾ ਕੀਤੀ ਸਕੂਲ ਮੁਖੀ ਕਰਮਜੀਤ ਕੌਰ ਢਿੱਲੋਂ ਵੱਲੋਂ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ ਗਈ ਤੇ ਸਕੂਲ ਵਿਚ ਮਿਲਣ ਵਾਲੀਆਂ ਸੁਵਿਧਾਵਾਂ ਬਾਰੇ ਬੱਚਿਆਂ ਦੇ ਮਾਪਿਆਂ ਨੂੰ ਜਾਣੂ ਕਰਵਾਇਆ ਇਸ ਮੌਕੇ ਤੇ ਮਹਿਮਾਨਾਂ ਨੂੰ ਵੀ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਆ ਗਿਆ। ਇਸ ਦੌਰਾਨ ਸੈਂਟਰ ਹੈੱਡ ਟੀਚਰ ਸਵਿਤਾ ਮਹਿਤਾ ਪਰਮਪਾਲ ਕੌਰ ਹੈੱਡ ਟੀਚਰ ਬਹਾਵਵਾਲਾ ਸੁਰਿੰਦਰ ਕੌਰ ਅਮਨਦੀਪ ਕੌਰ ਟੇਕ ਚੰਦ ਨਰੇਸ਼ ਕੁਮਾਰ ਰਾਜਵੰਸ਼ ਕੌਰ ਕਿਡਿਆਣਾ ਸੁਨੀਤਾ ਗਰੋਵਰ ਹੈੱਡ ਟੀਚਰ ਚੱਕ ਕਾਲਾ ਟਿੱਬਾ ਬਲਜਿੰਦਰ ਕੌਰ ਸੇਵਾਮੁਕਤ ਹੈਡਟੀਚਰ ਤੋਂ ਇਲਾਵਾ ਹੋਰ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਇਸੇ ਤਰ੍ਹਾਂ ਪਿੰਡ ਰਾਮਸਰਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਵੀ ਸਾਲਾਨਾ ਸਮਾਰੋਹ ਹੋਇਆ। ਜਿਸ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਸ੍ਰੀਮਤੀ ਲਲਿਤਾ ਕੜਵਾਸਰਾ ਡਾਇਰੈਕਟਰ ਜ਼ਿਲ੍ਹਾ ਪਰਿਸ਼ਦ ਤੇ ਪਿੰਡ ਦੀ ਪੰਚਾਇਤ ਵੱਲੋਂ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਨੇ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ ਤੇ ਲੋਕਾਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਦੀ ਅਪੀਲ ਕੀਤੀ।

ਇਸ ਦੌਰਾਨ ਸਕੂਲ ਮੁਖੀ ਸੰਨੀ ਵੱਲੋਂ ਸਕੂਲ ਦੀ ਰਿਪੋਰਟ ਪੇਸ਼ ਕੀਤੀ ਗਈ। ਇਸ ਮੌਕੇ ਪਿੰਡ ਦੀ ਪੰਚਾਇਤ ਵੱਲੋਂ ਸਕੂਲ ਨੂੰ ਆਰ ਓ ਭੇਂਟ ਕੀਤਾ ਗਿਆ ਇਸ ਦੌਰਾਨ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਇੰਟਰੋ ਪਾਰਟੀ ਵਿੱਚ ਨਵੇਂ ਦੋਸਤਾਂ ਨਾਲ ਬੱਚਿਆਂ ਨੇ ਕੀਤੀ ਮਸਤੀ



**ਜਲੰਧਰ/ਦੀਪਕ ਨਟਰਾਜ**

ਬੱਚਿਆਂ ਵਿੱਚ ਦੋਸਤੀ ਵਧਾਉਣ ਲਈ ਡਿਪਸ ਸਕੂਲ ਭੋਗਪੁਰ ਵਿਖੇ ਸੰਗੀਤ ਨਾਲ ਇੱਕ ਇੰਟਰੋ ਪਾਰਟੀ ਦਾ ਆਯੋਜਨ ਕੀਤਾ ਗਿਆ। ਅਧਿਆਪਕਾਂ ਨੇ ਪ੍ਰੀ ਪ੍ਰਾਇਮਰੀ ਵਿੰਗ ਦੇ ਬੱਚਿਆਂ ਦਾ ਸੰਗੀਤ ਨਾਲ ਸਵਾਗਤ ਕੀਤਾ। ਪਾਰਟੀ ਵਿੱਚ ਬੱਚਿਆਂ ਨੇ ਵੱਖ-ਵੱਖ ਮਜ਼ੇਦਾਰ ਖੇਡਾਂ ਦਾ ਆਨੰਦ ਮਾਣਿਆ ਅਤੇ ਪਾਰਟੀ ਸੰਗੀਤ @ਤੇ ਆਪਣੇ ਸਹਿਪਾਠੀਆਂ ਨਾਲ ਡਾਂਸ ਕੀਤਾ। ਇਸ ਤੋਂ ਬਾਅਦ ਇਕ-ਇਕ ਕਰਕੇ ਬੱਚਿਆਂ ਨੇ ਆਪਣੇ ਅਤੇ ਆਪਣੇ ਪਰਿਵਾਰ ਬਾਰੇ ਆਪਣੇ ਸਹਿਪਾਠੀਆਂ ਨੂੰ ਦੱਸਿਆ।

ਡਾਂਸ ਗੇਮਾਂ ਤੋਂ ਬਾਅਦ, ਬੱਚਿਆਂ ਨੇ ਇਕੱਠੇ ਦੁਪਹਿਰ ਦਾ ਖਾਣਾ ਖਾਧਾ ਅਤੇ ਆਪਣੇ ਨਵੇਂ ਸਹਿਪਾਠੀਆਂ ਨਾਲ ਸਮਾਂ ਬਿਤਾਉਂਦੇ ਹੋਏ ਇੱਕ ਦੂਜੇ ਨਾਲ ਖਾਣਾ ਸਾਂਝਾ ਕੀਤਾ। ਇਸ ਦੌਰਾਨ ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਖਾਣੇ ਵਿੱਚ ਸਭ ਤੋਂ ਵੱਧ ਕੀ ਪਸੰਦ ਹੈ। ਅਧਿਆਪਕਾਂ ਨੇ ਬੱਚਿਆਂ ਨੂੰ ਸਿਹਤਮੰਦ ਭੋਜਨ ਖਾਣ ਲਈ ਪ੍ਰੇਰਿਤ ਕੀਤਾ।

ਪਿ ?ਸੀਪਲ ਗੁਰਵੀਨ ਕੌਰ ਨੇ ਕਿਹਾ ਕਿ ਪ੍ਰਾਇਮਰੀ ਵਿੰਗ ਦੀ ਅਜਿਹੀ ਪਾਰਟੀ ਦਾ ਮੁੱਖ ਮੰਤਵ ਬੱਚਿਆਂ ਨੂੰ ਸਕੂਲੀ ਮਾਹੌਲ ਵਿਚ ਆਸਾਨੀ ਨਾਲ ਢਾਲਣ ਵਿਚ ਮਦਦ ਕਰਨਾ ਹੈ ਕਿਉਂਕਿ ਕਈ ਵਾਰ ਨਵੇਂ ਬੱਚੇ ਆਪਣੇ ਆਪ ਨੂੰ ਨਵੇਂ ਮਾਹੌਲ ਵਿਚ ਢਾਲਣ ਦੇ ਸਮਰੱਥ ਨਹੀਂ ਹੁੰਦੇ । ਇੰਟਰੋ ਪਾਰਟੀ ਰਾਹੀਂਬੱਚਿਆਂ ਨੂੰ ਇੱਕ ਮੌਕਾ ਮਿਲਦਾ ਹੈ ਜਿਸ ਰਾਹੀਂ ਉਹ ਆਪਣੇ ਬਾਰੇ ਆਪਣੇ ਸਹਿਪਾਠੀਆਂ ਨਾਲ ਸਾਂਝਾ ਕਰ ਸਕਦੇ ਹਨ ਅਤੇ ਉਹਨਾਂ ਬਾਰੇ ਜਾਣ ਸਕਦੇ ਹਨ ਅਤੇ ਨਵੇਂ ਦੋਸਤ ਬਣਾ ਸਕਦੇ ਹਨ।

# ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਪਿੰਡ ਫੁੱਲੜਾ ਦੇ ਮ੍ਰਿਤਕ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ




**ਗੁਰਦਾਸਪੁਰ/ਨਵਨੀਤ ਕੁਮਾਰ**

ਡਿਪਟੀ ਕਮਿਸ਼ਨਰ ਗੁਰਦਾਸਪੁਰ ਜਨਾਬ ਮੁਹੰਮਦ ਇਸ਼ਫਾਕ ਵਲੋਂ ਪਿੰਡ ਫੁੱਲੜਾ ਵਿਖੇ ਜ਼ਮੀਨੀ ਵਿਵਾਦ ਕਾਰਨ ਹੋਏ ਝਗੜੇ ਵਿਚ ਗੋਲੀ ਚੱਲਣ ਨਾਲ ਮਾਰੇ ਗਏ ਤਿੰਨ ਵਿਅਕਤੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਅਮਨਪ੍ਰੀਤ ਸਿੰਘ ਐਸ.ਡੀ.ਐਮ ਗੁਰਦਾਸਪੁਰ ਤੇ ਜਗਤਾਰ ਸਿੰਘ ਤਹਿਸੀਲਦਾਰ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਪਰਿਵਾਰ ਨਾਲ ਦੁੱਖ ਸਾਝਾਂ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿਚ ਪ੍ਰਸ਼ਾਸਨ ਨੂੰ ਮ੍ਰਿਤਕ ਪਰਿਵਾਰ ਵਾਲਿਆਂ ਨਾਲ ਪੂਰੀ ਹਮਦਰਦੀ ਹੈ। ਉਨਾਂ ਜਿਲਾ ਪ੍ਰਸ਼ਾਸਨ ਵਲੋਂ ਬਣਦੀ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਉਨਾਂ ਮ੍ਰਿਤਕ ਦੇ ਪਤਨੀਆਂ ਨੂੰ ਵਿਧਵਾ ਪੈਨਸ਼ਨ, ਮ੍ਰਿਤਕ ਦੇ ਬੱਚਿਆਂ ਨੂੰ ਆਸ਼ਰਿਤ ਪੈਨਸ਼ਨ, ਯੋਗਤਾ ਦੇ ਆਧਾਰ ’ਤੇ ਰੁਜ਼ਗਾਰ/ਨੌਕਰੀ ਮੁਹੱਈਆ ਕਰਵਾਉਣ ਤੇ ਪੱਕਾ ਮਕਾਨ ਬਣਾਉਣ ਸਮੇਤ ਲੋੜੀਦੀ ਹਰ ਸੰਭਵ ਸਹਾਇਤਾ ਕਰਨ ਦਾ ਵਿਸ਼ਵਾਸ ਦਿਵਾਇਆ।

# ਪੱਤਰਕਾਰ ਮਨਜੀਤ ਢੱਲਾ ਨੂੰ ਉਨ੍ਹਾਂ ਦੇ ਪਿਤਾ ਜੀ ਦੇ ਗਏ ਸਦੀਵੀ ਵਿਛੋੜਾ ਅੰਤਮ ਅਰਦਾਸ ਕੱਲ ਨੂੰ ਜੈਤੋ ਵਿਖੇ

**ਫ਼ਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

ਸ਼ਹੀਦ ਭਗਤ ਸਿੰਘ ਪ੍ਰੈਸ ਐਸੋਸੀਏਸ਼ਨ ਰਜਿਸਟਰ ਪੰਜਾਬ ਉਕਾਈ ਜੈਤੋ ਦੇ ਪ੍ਰਧਾਨ ਮਨਜੀਤ ਢੱਲਾ ਨੂੰ ਉਨ੍ਹਾਂ ਦੇ ਪੂਜਨੀਕ ਸਤਿਕਾਰਯੋਗ ਪਿਤਾ ਸੀਤਾ ਸਿੰਘ ਢੱਲਾ ਉਮਰ (85) ਸਾਲ ਕੁਝ ਦਿਨ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੇ ਨਮਿੱਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਸਹਿਜ ਪਾਠ ਜੀ ਦੇ ਭੋਗ 8 ਅਪ੍ਰੈਲ ਦਿਨ ਸ਼ੁੱਕਰਵਾਰ ਤਕਰੀਬਨ ਦੁਪਹਿਰ 12 ਵਜੇ ਤੋਂ 1ਵਜੇ ਦੇ



ਦਰਮਿਆਨ ਅੰਤਮ ਅਰਦਾਸ ਗੁਰਦੁਆਰਾ ਸ੍ਰੀ ਅੰਗੀਠਾ ਸਾਹਿਬ ਬਠਿੰਡਾ ਰੋਡ ਜੈਤੋ ਹੋਵੇਗੀ ਸਮੂਹ ਢੱਲਾ ਪਰਿਵਾਰ ਵੱਲੋਂ ਸਮੂਹ ਸੰਗਤਾਂ ਅਤੇ ਯਾਰਾਂ ਦੋਸਤਾਂ ਮਿੱਤਰਾਂ ਨੂੰ ਬੇਨਤੀ ਹੈ ਕਿ ਸਮੂਹ ਢੱਲਾ ਪਰਿਵਾਰ ਦੇ ਦੁੱਖ ਦੀ ਘੜੀ ਵਿੱਚ ਸ਼ਰੀਕ ਹੋਣ ਲਈ ਅਤੇ ਸਵਰਗਵਾਸੀ ਸੀਤਾ ਸਿੰਘ ਢੱਲਾ ਦੇ ਨਮਿੱਤ ਰੱਖੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸਹਿਜ ਪਾਠ ਦੇ ਭੋਗ ਤੇ ਅਤੇ ਅੰਤਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਸਮੂਹ ਢੱਲਾ ਪਰਿਵਾਰ ਜੈਤੋ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ,ਪੱਤਰਕਾਰ ਅੰਗਰੇਜ ਸਿੰਘ ਬਰਾੜ ? ਡੱਲੇਵਾਲਾ,ਪੱਤਰਕਾਰ ਪ੍ਰਦੀਪ ਗਰਗ ਪੱਖੀ ਖੁਰਦ, ਪੱਤਰਕਾਰ ਅਮਰਜੀਤ ਸਿੰਘ ਬਰਾੜ ? ਗੋਲੇਵਾਲਾ, ਪੱਤਰਕਾਰ ਪਵਿੱਤਰ ਬਰਾੜ।

# ਡਾ: ਜਗਮੋਹਨ ਸਿੰਘ ਰਾਜੂ ਦੀ ਅਗਵਾਈ 'ਚ ਭਾਜਪਾ ਦਾ 42ਵਾਂ ਸਥਾਪਨਾ ਦਿਵਸ ਧੂਮ ਧਾਮ ਨਾਲ ਮਨਾਇਆ

## ਦੇਸ਼ ਦੇ ਨਿਰੰਤਰ ਵਿਕਾਸ ਲਈ ਮਹਿਲਾਵਾਂ ਅਤੇ ਨੌਜਵਾਨ ਵਰਗ ਦਾ ਯੋਗਦਾਨ ਅਹਿਮ : ਡਾ: ਜਗਮੋਹਨ ਸਿੰਘ ਰਾਜੂ



**ਅੰਮ੍ਰਿਤਸਰ/ਰਾਜਾ ਕੋਟਲੀ**

ਭਾਰਤੀ ਜਨਤਾ ਪਾਰਟੀ ਦਾ 42ਵਾਂ ਸਥਾਪਨਾ ਦਿਵਸ ਭਾਜਪਾ ਦੇ ਸੀਨੀਅਰ ਆਗੂ ਡਾ: ਜਗਮੋਹਨ ਸਿੰਘ ਰਾਜੂ ਆਈ ਏ ਐਸ ਦੀ ਅਗਵਾਈ 'ਚ ਅੰਮ੍ਰਿਤਸਰ ਵਿਖੇ ਬੜੇ ਉਤਸ਼ਾਹ ਅਤੇ ਧੂਮ ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਡਾ: ਰਾਜੂ ਵੱਲੋਂ ਪਾਰਟੀ ਦਾ ਝੰਡਾ ਲਹਿਰਾਉਣ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਚਾਰ ਵੱਡੀ ਸਕਰੀਨ 'ਤੇ ਸਿੱਧੇ ਪ੍ਰਸਾਰਨ ਰਾਹੀਂ ਭਾਜਪਾ ਵਰਕਰਾਂ ਅਤੇ ਆਮ ਲੋਕਾਂ ਨੂੰ ਜਾਣੂ ਕਰਾਇਆ ਗਿਆ। ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਡਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਸੱਦੇ 'ਤੇ ਕਰਾਏ ਗਏ ਇਸ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਭਾਜਪਾ ਆਗੂ ਡਾ: ਜਗਮੋਹਨ ਸਿੰਘ ਰਾਜੂ ਆਈ ਏ ਐਸ ਨੇ ਕਿਹਾ ਕਿ 42 ਸਾਲ ਪਹਿਲਾਂ ਸੰਘਰਸ਼ ਰਾਹੀਂ ਹੋਂਦ ਵਿਚ ਆਈ ਭਾਜਪਾ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਸੇਵਾ ਤੇ ਵਿਕਾਸ ਦੇ ਸੰਕਲਪ ਨੂੰ ਲੈ ਕੇ ਅੱਗੇ ਵਧ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦੀ ਮਜ਼ਬੂਤ ਸਿਆਸੀ ਇੱਛਾ ਸ਼ਕਤੀ ਅਤੇ ਨਿਰਨਾਇਕ ਫ਼ੈਸਲਿਆਂ ਨਾਲ ਦੇਸ਼ ਨੂੰ ਨਿਰਾਸ਼ਤਾ ਤੋਂ ਬਾਹਰ ਕੱਢਿਆ ਗਿਆ। ਅੱਜ ਦੇਸ਼ ਦੀ ਸੋਚ ਆਤਮਨਿਰਭਰਤਾ ਵਾਲੀ ਬਣ ਚੁੱਕੀ ਹੈ। ਉਨ੍ਹਾਂ ਫ਼ਖਰ ਨਾਲ ਕਿਹਾ ਕਿ ਦੇਸ਼ ਦੇ 18 ਰਾਜਾਂ ਵਿਚ ਭਾਜਪਾ ਦੀਆਂ ਸਰਕਾਰਾਂ ਹਨ। ਭਾਰਤ ਦੀ ਜਨਤਾ ਵੱਲੋਂ ਭਾਜਪਾ ਨੂੰ ਲਗਾਤਾਰ ਜਿੱਤਾਂ ਦਿਵਾਉਂਦਿਆਂ ਭਾਜਪਾ ਅਤੇ ਮੋਦੀ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਲਗਾਉਣ ਨਾਲ ਭਾਜਪਾ ਦੀਆਂ ਜ਼ਿੰਮੇਵਾਰੀਆਂ ਵੀ ਵਧ ਗਈਆਂ ਹਨ। ਵਿਦੇਸ਼ ਵਿਚ ਬੈਠੇ ਦੁਸ਼ਮਣ ਨੂੰ ਹੀ ਨਹੀਂ ਸਗੋਂ ਦੇਸ਼ ਅੰਦਰਲੀ ਗ਼ਰੀਬੀ, ਅਨਪੜ੍ਹਤਾ, ਲੋਕਾਂ ਨੂੰ ਝੂਠੇ ਲਾਰਿਆਂ ਤੇ ਦਿਲਾਸੇ ਕੇ ਦੇ ਗੁਮਰਾਹ ਕਰਨ ਵਾਲਿਆਂ ਅਤੇ ਭ੍ਰਿਸ਼ਟਾਚਾਰ ਆਦਿ ਘਰੇਲੂ ਦੁਸ਼ਮਣਾਂ ਦੇ ਖ਼ਾਤਮੇ ਦਾ ਲਕਸ਼ ਪੂਰਾ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਵਾਦ ਅਤੇ ਸੇਵਾ ਸੰਸਕ੍ਰਿਤੀ ਤੇ ਭਾਵਨਾ ਤਹਿਤ ਭਾਜਪਾ ਦਾ ਗਠਨ ਹੋਇਆ ਅੱਜ ਇਸੇ ਪੱਕੇ ਵਿਸ਼ਵਾਸ, ਬਿਨਾ ਡਰ ਤੇ ਦਬਾਅ ਨਾਲ ਪਾਰਟੀ ਅੱਗੇ ਵਧ ਰਹੀ ਹੈ। ਗ਼ਰੀਬ ਪੱਖੀ ਨੀਤੀਆਂ ਲਾਗੂ ਕਰਨ ਕਾਰਨ ਅੱਜ ਭਾਜਪਾ ਗਰੀਬਾਂ ਦੀ ਪਾਰਟੀ ਵਜੋਂ ਆਪਣੀ ਛਵੀ ਬਣਾ ਚੁੱਕੀ ਹੈ। ਉਨ੍ਹਾਂ ਦੇਸ਼ ਦੇ ਨਿਰੰਤਰ ਵਿਕਾਸ ਲਈ ਮਹਿਲਾਵਾਂ ਅਤੇ ਨੌਜਵਾਨ ਵਰਗ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਇਹ ਵੀ ਕਿਹਾ ਕਿ ਪਾਰਟੀ ਵਿਚ ਮਿਹਨਤ ਕਰਨ ਵਾਲਿਆਂ ਨੂੰ ਅੱਗੇ ਵਧਣ ਦਾ ਮੌਕਾ ਮਿਲੇਗਾ। ਉਨ੍ਹਾਂ ਭਾਈਚਾਰਕ ਸਾਂਝ ਮਜ਼ਬੂਤ ਕਰਨ ਅਤੇ ਲੋਕ ਪੱਖੀ ਕੇਂਦਰੀ ਸਕੀਮਾਂ ਦਾ ਲਾਭ ਲੈਣ ਬਾਰੇ ਘਰ ਘਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਰਕਰਾਂ ਨੂੰ ਅਪੀਲ ਕੀਤੀ। ਇਸ ਮੌਕੇ ਹਾਜ਼ਰ ਵਰਕਰਾਂ ਨੇ ਪਾਰਟੀ ਵੱਲੋਂ ਦਿੱਤੇ ਗਏ ਲਕਸ਼ ਨੂੰ ਹਰ ਹੀਲੇ ਪੂਰਾ ਕਰਨ ਦਾ ਆਇਤ ਕੀਤਾ।ਇਸ ਮੌਕੇ ਨੰਨ੍ਹੀਆਂ ਬਚੀਆਂ ਵੱਲੋਂ ਦੇਸ਼ ਭਗਤੀ ਬਾਰੇ ਸਟੇਜ 'ਤੇ ਕੀਤੀ ਗਈ ਪੇਸ਼ਕਾਰੀ ਨੇ ਸਭ ਦਾ ਮਨ ਮੋਹ ਲਿਆ, ਅਤੇ ਭਾਜਪਾ ਦੇ ਸਥਾਪਨਾ ਦਿਵਸ ਨੂੰ ਸਪੈਸ਼ਲ ਬਣਾਉਣ ਲਈ ਨੰਨ੍ਹੀਆਂ ਬਚੀਆਂ ਦਾ ਡਾ: ਰਾਜੂ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਅਕਾਲੀ ਦਲ , ਕਾਂਗਰਸ ਅਤੇ ਸ਼ਿਵ ਸੈਨਾ ਨਾਲ ਸੰਬੰਧਿਤ 42 ਆਗੂ ਤੇ ਵਰਕਰਾਂ ਨੇ ਭਾਜਪਾ ਵਿਚ ਸ਼ਮੂਲੀਅਤ ਕੀਤੀ, ਜਿਨ੍ਹਾਂ ਨੂੰ ਸ: ਜਗਮੋਹਨ ਸਿੰਘ ਰਾਜੂ ਵੱਲੋਂ ਸਨਮਾਨਿਤ ਕਰਦਿਆਂ ਪਾਰਟੀ 'ਚ ਸਵਾਗਤ ਕੀਤਾ ਗਿਆ। ਇਸ ਮੌਕੇ ਡਾ, ਜਗਮੋਹਨ ਸਿੰਘ ਸਿੰਘ ਰਾਜੂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ, ਕੰਵਰਬੀਰ ਸਿੰਘ ਮੰਜ਼ਿਲ ਪ੍ਰਦੇਸ਼ ਮਹਾਂ ਮੰਤਰੀ ਭਾਜਪਾ ®23 ਮੋਰਚਾ ਪੰਜਾਬ, ਰਕੇਸ਼ ਮਹਾਜਨ ਮੰਡਲ ਪ੍ਰਧਾਨ, ਡਾ: ਨੀਰਜ ਸਿੰਘ ਰਾਜਪੂਤ, ਡਾ ਅਸ਼ੋਕ ਅਤੇ ਕੰਵਲਜੀਤ ਸਿੰਘ ਸੰਨ੍ਹੀ ਵੀ ਮੌਜੂਦ ਸਨ।

# ਐਸਡੀਓ ਪੰਕਜ਼ ਕੁਮਾਰ ਨੇ ਚਾਰਜ ਸੰਭਾਲਿਆ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸਬ ਡਵੀਜ਼ਨ ਫਤਿਹਪੁਰ ਰਾਜਪੂਤਾਂ (ਨਵਾਂ ਪਿੰਡ) ਦੇ ਨਵ ਨਿਯੁਕਤ ਐਸਡੀਓ ਪੰਕਜ਼ ਕੁਮਾਰ ਨੇ ਚਾਰਜ ਸੰਭਾਲ ਲਿਆ ਹੈ । ਇਸ ਮੌਕੇ ਤੇ ਐਸਡੀਓ ਤੇ ਉਹਨਾਂ ਦੀ ਟੀਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ ਤੇ ਬਿਜਲੀ ਖਪਤਕਾਰਾਂ ਨੂੰ ਕੋਈ ਵੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ । ਇਸ ਮੌਕੇ ਤੇ ਐਕਸੀਅਨ ਦਰਸ਼ਨ ਸਿੰਘ ਗਿੱਲ, ਆਰ. ਏ. ਰਣਬੀਰ ਸਿੰਘ ਗਿੱਲ, ਜੇਈ ਸੁਖਰਾਜ ਸਿੰਘ ਚਾਹਲ, ਜੇਈ ਦਲਜੀਤ ਸਿੰਘ, ਜੇਈ ਰਤਨ ਸਿੰਘ, ਜੇਈ ਮਲਕੀਤ ਸਿੰਘ ਮਹਿਣੀਆਂ, ਜੇਈ ਜਰਨੈਲ ਸਿੰਘ ਛੀਨਾਂ, ਜੇਈ ਕਾਬਲ ਸਿੰਘ, ਹੈਡ ਕੈਸ਼ੀਅਰ ਭੁਪਿੰਦਰ ਸਿੰਘ, ਸੁਖਮਿੰਦਰ ਸਿੰਘ ਸਾਹਿਬੀ, ਮੈਡਮ ਮਨਦੀਪ ਕੌਰ, ਮੈਡਮ ਸ਼ਰਨਜੀਤ ਕੌਰ, ਜੱਜ ਛਾਪਾ, ਰਵੀ ਮਲਕਪੁਰ, ਮੀਟਰ ਰੀਡਰ ਹਰਪ੍ਰੀਤ ਸਿੰਘ ਤੇ ਇਲਾਕੇ ਦੀਆਂ ਹੋਰ ਵੀ ਕਈ ਨਾਮਵਰ ਸ਼ਖਸੀਅਤਾਂ ਨੇ ਨਵ ਨਿਯੁਕਤ ਐਸਡੀਓ ਪੰਕਜ਼ ਕੁਮਾਰ ਨੂੰ ਚਾਰਜ ਸੰਭਾਲਣ ਦੀਆਂ ਮੁਬਾਰਕਾਂ ਦਿੱਤੀਆਂ ।

# ਡਿਪਟੀ ਕਮਿਸ਼ਨਰ ਹਿਮਾਂਸ਼ੂ ਅਗਰਵਾਲ ਨੇ ਅਹੁਦਾ ਸੰਭਾਲਿਆ



**ਫਾਜਿਲਕਾ/ਗੌਰਵ ਸ਼ਰਮਾ**

ਫਾਜਿਲਕਾ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਿ ?ਲ੍ਹੇ ਦੇ ਨਵੇਂ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਆਈਏਐਸ ਨੇ ਮੰਗਲਵਾਰ ਨੂੰ ਆਪਣਾ ਅਹੁਦਾ ਸੰਭਾਲ ਲਿਆ ਹੈ। ਸ੍ਰੀ ਹਿਮਾਂਸ਼ੂ ਅਗਰਵਾਲ 2014 ਬੈਚ ਦੇ ਆਈਏਐਸ ਅਫ਼ਸਰ ਹਨ ਅਤੇ ਇਸ ਤੋਂ ਪਹਿਲਾਂ ਉਹ ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਬਤੌਰ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

ਇਸ ਮੌਕੇ ਇੱਥੇ ਪੁੱਜਣ ਤੇ ਜਿ ?ਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਅਭੀਜੀਤ ਕਪਲਿਸ਼ ਆਈਏਐਸ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸਾਗਰ ਸੇਤੀਆ ਆਈਏਐਸ, ਐਸਪੀ ਸ੍ਰੀ ਅਜੈਰਾਜ ਸਿੰਘ ਅਤੇ ਸ੍ਰੀਮਤੀ ਅਵਨੀਤ ਕੌਰ ਸਿੱਧੂ, ਐਸਡੀਐਮ ਸ: ਰਵਿੰਦਰ ਸਿੰਘ ਅਰੋੜਾ, ਸ੍ਰੀ ਅਮਿਤ ਗੁਪਤਾ, ਸ: ਦੇਵਦਰਸ਼ਦੀਪ ਸਿੰਘ ਅਤੇ ਹੋਰ ਅਧਿਕਾਰੀਆਂ ਅਤੇ ਉਨ੍ਹਾਂ ਦੇ ਦਫ਼ਤਰ ਦੇ ਸਟਾਫ ਨੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ ਪੁਲਿਸ ਦੀ ਟੁਕੜੀ ਵੱਲੋਂ ਉਨ੍ਹਾਂ ਨੂੰ ਗਾਰਡ ਆਫ ਆਨਰ ਦਿੱਤਾ ਗਿਆ।ਇਸ ਮੌਕੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਵੀ ਹਾਜਰ ਸਨ।

ਇਸ ਮੌਕੇ ਸ੍ਰੀ ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਬਤੌਰ ਡਿਪਟੀ ਕਮਿਸ਼ਨਰ ਉਨ੍ਹਾਂ ਦੀ ਤਰਜੀਹ ਰਹੇਗੀ ਕਿ ਜਿ ?ਲ੍ਹੇ ਦੇ ਲੋਕਾਂ ਨੂੰ ਚੰਗਾ ਪ੍ਰਸ਼ਾਸਨ ਮਿਲੇ ਅਤੇ ਸਰਕਾਰ ਦੀਆਂ ਸਕੀਮਾਂ ਦਾ ਲਾਭ ਹਰ ਇਕ ਲੋੜਵੰਦ ਤੱਕ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਜਿ ?ਲ੍ਹੇ ਵਿਚ ਪ੍ਰਭਾਵੀ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ।